# ਅਧਿਆਇ 2

# ਯਰੂਸ਼ਲਮ ਦੀਆਂ ਕੰਧਾਂ ਫੇਰ ਤੋਂ ਬਣਾਉਣ ਲਈ ਨਹਮਯਾਹ ਦੀ ਵਾਪਸੀ

ਪਰੇਸ਼ਾਨ ਕਰਨ ਵਾਲੀ ਖ਼ਬਰ ਕਿ ਯਹੂਦੀ ਵੱਡੀ ਦੁਰਦਸ਼ਾ ਅਤੇ ਨਿਰਾਦਰੀ ਵਿਚ ਹਨ, ਅਤੇ ਇਹ ਕਿ ਯਰੂਸ਼ਲਮ ਦੀਆਂ ਕੰਧਾਂ ''ਢੱਠੀਆਂ ਪਈਆਂ'' ਸਨ ਅਤੇ ਇਸ ਦੇ ਫਾਟਕ ''ਅੱਗ ਨਾਲ ਜਲੇ ਹੋਏ'' ਸਨ, ਸੁਣਨ ਤੋਂ ਬਾਅਦ ਨਹਮਯਾਹ ਨੇ ਸੋਗ ਕੀਤਾ, ਰੋਜ਼ਾ ਰੱਖਿਆ ਅਤੇ ਦੁਆ ਕੀਤੀ (1:3–11)। ਪਰ ਉਸ ਨੇ ਦੁਆ ਨਾਲ ਹੀ ਖ਼ਤਮ ਨਹੀਂ ਕਰ ਦਿੱਤਾ ਬਲਕਿ ਅਧਿਆਇ 2 ਦੇ ਅਨੁਸਾਰ ਦੁਆਵਾਂ ਦੇ ਨਾਲ–ਨਾਲ ਉਸਦਾ ਕਾਰਵਾਹੀ ਕਰਨਾ ਵੀ ਜਾਰੀ ਰਿਹਾ। ਉਸ ਨੇ ਰਾਜਾ ਅਰਤਹਸ਼ਸ਼ਤਾ ਦੇ ਸਾਹਮਣੇ ਆਪਣੀ ਮਾਯੂਸੀ ਵਿਖਾਈ। ਫਿਰ ਰਾਜੇ ਦੇ ਸਵਾਲ ਦੇ ਜਵਾਬ ਵਿਚ ਉਸ ਨੇ ਯਰੂਸ਼ਲਮ ਨੂੰ ਜਾ ਕੇ ਸ਼ਹਿਰ ਦੀਆਂ ਕੰਧਾਂ ਨੂੰ ਬਣਾਉਣ ਦੀ ਇਜਾਜ਼ਤ ਮੰਗੀ। ਰਾਜੇ ਨੇ ਪ੍ਰਵਾਨਗੀ ਦੇ ਦਿੱਤੀ।

ਫ਼ਾਰਸੀ ਰਾਜੇ ਦੀਆਂ ਚਿੱਠੀਆਂ ਨਾਲ ਲੈਸ ਅਤੇ ਫ਼ੌਜੀ ਗਾਰਦ ਦੀ ਰਖਵਾਲੀ ਹੇਠ ਨਹਮਯਾਹ ਯਹੂਦਾਹ ਨੂੰ ਚਲਿਆ ਗਿਆ। ਉੱਥੇ ਪਹੁੰਚਣ ਤੋਂ ਬਾਅਦ ਉਸ ਨੇ ਨਿੱਜੀ ਤੌਰ ਤੇ ਕੰਧਾਂ ਦਾ ਨਿਰੀਖਣ ਕੀਤਾ ਅਤੇ ਲੋਕਾਂ ਨੂੰ ਖੁੱਲ੍ਹੇਆਮ ਉਸ ਮੁਸ਼ਕਿਲ ਦਾ ਹੱਲ ਕਰਨ ਲਈ ਆਖਿਆ। ਉਨ੍ਹਾਂ ਨੇ ਇਹ ਆਖਦਿਆਂ ਉਸ ਦੀ ਚੁਣੌਤੀ ਨੂੰ ਮੰਨ ਲਿਆ ਕਿ ''ਆਓ ਅਸੀਂ ਉੱਠੀਏ ਤੇ ਬਣਾਈਏ'' (2:18); ਪਰ ਉਨ੍ਹਾਂ ਨੂੰ ਪ੍ਰੋਜੈਕਟ ਦੇ ਸ਼ੁਰੂ ਤੋਂ ਹੀ ਵਿਰੋਧ ਅਤੇ ਵੈਰ ਨਾਲ ਨਜਿੱਠਣਾ ਪੈਣਾ ਸੀ। ਅਧਿਆਇ 2 ਦੱਸਦਾ ਹੈ ਸਨਬੱਲਟ, ਟੋਬੀਯਾਹ ਅਤੇ ਗਸ਼ਮ ਨਾਮਕ ਤਿੰਨ ਜਣੇ ਯਹੂਦੀਆਂ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਦੇ ਰਹੇ।

## ਸ਼ਹਿਰਪਨਾਹ ਨੂੰ ਫੇਰ ਤੋਂ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ (2:1-8)

**1ਤਾਂ ਐਉਂ ਹੋਇਆ ਕਿ ਅਰਤਹਸ਼ਸ਼ਤਾ ਪਾਤਸ਼ਾਹ ਦੇ ਵੀਹਵੇਂ ਵਰ੍ਹੇ ਨੀਸਾਨ ਦੇ ਮਹੀਨੇ ਵਿੱਚ ਮੈਂ
ਉਹ ਦੇ ਸਾਹਮਣੇ ਸੀ ਤਾਂ ਮੈ ਚੁੱਕ ਕੇ ਮੈਂ ਪਾਤਸ਼ਾਹ ਨੂੰ ਦਿੱਤੀ ਪਰ ਮੈਂ ਉਸਦੇ ਹਜ਼ੂਰ ਪਹਿਲਾਂ ਕਦੀ
ਉਦਾਸ ਨਹੀਂ ਸਾਂ ਹੋਇਆ 2ਤਦ ਪਾਤਸ਼ਾਹ ਨੇ ਮੈਨੂੰ ਆਖਿਆ, ਤੇਰਾ ਮੂੰਹ ਕਿਉਂ ਉਦਾਸ ਹੈ? ਤੂੰ ਬਿਮਾਰ
ਨਹੀਂ ਦਿਸਦਾ, ਏਹ ਤੇਰੇ ਦਿਲ ਦੀ ਉਦਾਸੀ ਬਿਨਾ ਹੋਰ ਕੁਝ ਨਹੀ। ਤਾਂ ਮੈਂ ਬਹੁਤ ਹੀ ਡਰ ਗਿਆ
3ਮੈਂ ਪਾਤਸ਼ਾਹ ਨੂੰ ਆਖਿਆ, ਪਾਤਸ਼ਾਹ ਜੁੱਗੋ ਜੁੱਗ ਜੀਉਂਦਾ ਰਹੇ ! ਮੇਰਾ ਮੂੰਹ ਕਿਉਂ ਉਦਾਸ ਨਾ ਹੋਵੇ
ਜਦ ਕਿ ਉਹ ਸ਼ਹਿਰ ਜਿੱਥੇ ਮੇਰੇ ਪਿਉ ਦਾਦਿਆਂ ਦੇ ਘਰਾਣੇ ਦੀਆਂ ਕਬਰਾਂ ਹਨ ਥੇਹ ਹੋਇਆ ਪਿਆ
ਹੈ ਅਤੇ ਉਸ ਦੇ ਫਾਟਕ ਅੱਗ ਨੇ ਖਾ ਲਏ ਹਨ? 4ਪਾਤਸ਼ਾਹ ਨੇ ਮੈਨੂੰ ਆਖਿਆ, ਤੂੰ ਕੀ ਚਾਹੁੰਦਾ ਹੈਂ?
ਤਾਂ ਮੈਂ ਅਕਾਸ਼ ਦੇ ਪਰਮੇਸ਼ੁਰ ਅੱਗੇ ਬੇਨਤੀ ਕੀਤੀ 5ਤੇ ਮੈਂ ਪਾਤਸ਼ਾਹ ਨੂੰ ਆਖਿਆ, ਜੇ ਪਾਤਸ਼ਾਹ ਨੂੰ
ਚੰਗਾ ਲੱਗੇ ਅਤੇ ਜੇ ਤੁਹਾਡਾ ਦਾਸ ਤੁਹਾਡੀ ਨਿਗਾਹ ਵਿੱਚ ਚੰਗਾ ਹੋਵੇ ਤਾਂ ਤੁਸੀਂ ਮੈਨੂੰ ਯਹੂਦਾਹ ਨੂੰ,
ਮੇਰੇ ਪਿਉ ਦਾਦਿਆਂ ਦੀਆਂ ਕਬਰਾਂ ਦੇ ਸ਼ਹਿਰ ਨੂੰ ਘੱਲ ਦਿਓ ਕਿ ਮੈਂ ਉਨ੍ਹਾਂ ਨੂੰ ਬਣਾਵਾਂ 6ਤਾਂ ਪਾਤਸ਼ਾਹ
ਨੇ ਜਿਹ ਦੇ ਕੋਲ ਮਲਕਾ ਵੀ ਬੈਠੀ ਸੀ ਮੈਨੂੰ ਆਖਿਆ, ਤੇਰਾ ਜਾਣਾ ਕਿੰਨੇ ਚਿਰ ਲਈ ਹੈ ਅਤੇ ਤੂੰ ਕਦੋਂ
ਮੁੜੇਂਗਾ? ਤਾਂ ਮੇਰਾ ਘੱਲਣਾ ਪਾਤਸ਼ਾਹ ਦੇ ਦਰਬਾਰ ਵਿੱਚ ਚੰਗਾ ਲੱਗਾ ਅਤੇ ਮੈਂ ਉਹ ਦੇ ਨਾਲ ਇੱਕ**

**ਵੇਲਾ ਠਹਿਰਾ ਲਿਆ [7]ਮੈਂ ਪਾਤਸ਼ਾਹ ਨੂੰ ਆਖਿਆ, ਜੇ ਪਾਤਸ਼ਾਹ ਨੂੰ ਚੰਗਾ ਲੱਗੇ ਤਾਂ ਮੈਨੂੰ ਦਰਿਆ ਪਾਰ ਦੇ ਸੂਬੇ ਦੇ ਹਾਕਮਾਂ ਲਈ ਪਰਵਾਨੇ ਦਿੱਤੇ ਜਾਣ ਭਈ ਓਹ ਮੈਨੂੰ ਉੱਥੇ ਤੀਕ ਲੰਘਾਉਣ ਕਿ ਮੈਂ ਯਹੂਦਾਹ ਵਿੱਚ ਪਹੁੰਚ ਜਾਵਾਂ [8]ਅਤੇ ਇੱਕ ਪਰਵਾਨਾ ਆਸਾਫ ਲਈ ਜਿਹੜਾ ਪਾਤਸ਼ਾਹੀ ਜੰਗਲ ਦਾ ਰਾਖਾ ਹੈ ਮਿਲੇ ਕਿ ਉਹ ਮੈਨੂੰ ਸ਼ਾਹੀ ਮਹਿਲ ਤੇ ਭਵਨ ਦੇ ਫਾਟਕਾਂ ਲਈ ਅਤੇ ਸ਼ਹਿਰ ਦੀ ਕੰਧ ਲਈ ਅਤੇ ਉਸ ਘਰ ਲਈ ਜਿਹਦੇ ਵਿੱਚ ਮੈਂ ਜਾਵਾਂਗਾ ਸ਼ਤੀਰਾਂ ਲਈ ਮੈਨੂੰ ਲੱਕੜ ਦੇਵੇ। ਤਾਂ ਪਾਤਸ਼ਾਹ ਨੇ ਮੈਨੂੰ ਮੰਨ ਲਿਆ ਕਿਉਂਕਿ ਮੇਰੇ ਪਰਮੇਸ਼ੁਰ ਦਾ ਨੇਕ ਹੱਥ ਮੇਰੇ ਉੱਤੇ ਸੀ।**

**ਆਇਤ 1.** ਨਹਮਯਾਹ ਨੇ ਲਿਖਿਆ ਕਿ ਰਾਜੇ ਨਾਲ ਉਸ ਦੀ ਮੁਲਾਕਾਤ ਕਦੋਂ ਹੋਈ: **ਅਰਤਹਸ਼ਸ਼ਤਾ ਪਾਤਸ਼ਾਹ ਦੇ ਵੀਹਵੇਂ ਵਰ੍ਹੇ ਨੀਸਾਨ ਦੇ ਮਹੀਨੇ ਵਿੱਚ**।[1] ਨੀਸਾਨ (ਮਾਰਚ/ਅਪ੍ਰੈਲ ਦੇ ਵਿਚਕਾਰ) ਫ਼ਾਰਸੀ ਕਲੰਡਰ ਅਤੇ ਯਹੂਦੀ ਧਾਰਮਿਕ ਕਲੰਡਰ ਦਾ ਪਹਿਲਾ ਮਹੀਨਾ ਸੀ ਜਦ ਕਿ ਕਿਸਲੇਵ (ਨਵੰਬਰ/ਦਸੰਬਰ ਦੇ ਵਿਚਕਾਰ) ਨੌਂਵਾਂ ਮਹੀਨਾ। 1:1 ਨਾਲ ਮਿਲਾਉਣ ਤੇ ਇਹ ਪੈਰ੍ਹਾ ਉਲਝਾਉਣ ਵਾਲਾ ਲਗ ਸਕਦਾ ਹੈ, ਜੋ ਆਖਦਾ ਹੈ ਕਿ ਯਰੂਸ਼ਲਮ ਦੀਆਂ ਢੱਠੀਆਂ ਕੰਧਾਂ ਦੀ ਖ਼ਬਰ ਨਹਮਯਾਹ ਨੂੰ ''ਵੀਹਵੇਂ ਵਰ੍ਹੇ ਕਿਸਲੇਵ ਦੇ ਮਹੀਨੇ'' ਮਿਲੀ। ਨਹਮਯਾਹ ਉਸ ਖ਼ਬਰ ਤੇ ਜਿਹੜੀ ਉਹਨੂੰ ਨੌਂਵੇਂ ਮਹੀਨੇ ਤਕ ਮਿਲੀ ਨਹੀਂ ਸੀ, ਰਾਜੇ ਕੋਲ ਪਹਿਲੇ ਮਹੀਨੇ ਕਿਵੇਂ ਜਾ ਸਕਦਾ ਸੀ। (1) ਇਹ ਸੰਭਵ ਹੈ ਕਿ ਇੱਥੇ ਗਲਤੀ ਲਿਖਾਰੀ ਦੀ ਹੈ ਅਤੇ 1:1 ਨੂੰ ''ਉਨ੍ਹੀਵੇਂ ਵਰ੍ਹੇ'' ਪੜ੍ਹਿਆ ਜਾਣਾ ਚਾਹੀਦਾ ਹੈ। (2) ਅਤੇ ਇਹ ਵੀ ਸੰਭਵ ਹੈ ਕਿ ਹੋ ਸਕਦਾ ਹੈ ਕਿ ਨਹਮਯਾਹ ਯਹੂਦੀ ਆਮ ਕਲੰਡਰ ਦੀ ਵਰਤੋਂ ਕਰ ਰਿਹਾ ਹੋਵੇ। ਉਸ ਲੜੀ ਵਿਚ ਸਾਲ ਦੀ ਸ਼ੁਰੂਆਤ ਤਿਸ਼ਰੀ (ਸਤੰਬਰ/ਅਕਤੂਬਰ) ਦੇ ਮਹੀਨੇ ਹੁੰਦੀ ਸੀ, ਜਿਹਦਾ ਮਤਲਬ ਇਹ ਹੋਇਆ ਕਿ ਦੋ ਮਹੀਨਿਆਂ ਬਾਅਦ ਕਿਸਲੇਵ ਸਾਲ ਦੇ ਸ਼ੁਰੂ ਵਿਚ ਨੀਸਾਨ ਤੋਂ ਪਹਿਲਾਂ ਆਉਂਦਾ ਸੀ।[2] (3) ਇਹ ਵੀ ਸੰਭਵ ਹੈ ਕਿ ਨਹਮਯਾਹ ਅਰਤਹਸ਼ਸ਼ਤਾ ਦੇ ਹਕੂਮਤੀ ਸਾਲ ਨਾਲ ਗਿਣ ਰਿਹਾ ਸੀ ਜੋ ਕਲੰਡਰ ਦੇ ਪਹਿਲੇ ਮਹੀਨੇ ਦੇ ਹਿਸਾਬ ਨਾਲ ਨਹੀਂ ਬਲਕਿ ਉਸ ਦੇ ਗੱਦੀ ਤੇ ਬੈਠਣ ਦੇ ਮਹੀਨੇ ਤੋਂ ਸੀ, ਜੋ ਕਿ ਨੀਸਾਨ ਅਤੇ ਕਿਸਲੇਵ ਮਹੀਨਿਆਂ ਦੇ ਵਿਚਕਾਰ ਹੋਇਆ ਹੋ ਸਕਦਾ ਹੈ। ਜੇ ਅਜਿਹਾ ਹੁੰਦਾ ਤਾਂ ਕਿਸਲੇਵ ਦਾ ਮਹੀਨਾ ਅਰਤਹਸ਼ਸ਼ਤਾ ਦੀ ਹਕੂਮਤ ਦੇ ''ਵੀਹਵੇਂ ਵਰ੍ਹੇ ਵਿਚ'' ਨੀਸਾਨ ਦੇ ਮਹੀਨੇ ਤੋਂ ਪਹਿਲਾਂ ਹੋਵੇਗਾ। ਆਖ਼ਰ ਵਚਨ ਇਹ ਨਹੀਂ ਦੱਸਦਾ ਕਿ ਨੀਸਾਨ ਅਰਤਹਸ਼ਸ਼ਤਾ ਦੀ ਹਕੂਮਤ ਦਾ ਪਹਿਲਾ ਮਹੀਨਾ ਸੀ।[3]

ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਨਹਮਯਾਹ ਨੇ ਰਾਜੇ ਅੱਗੇ ਆਪਣੀ ਇੱਛਾ ਜ਼ਾਹਿਰ ਕਰਨ ਤੋਂ ਪਹਿਲਾਂ ਸੋਗ ਕਰਦਿਆਂ ਅਤੇ ਦੁਆ ਕਰਦਿਆਂ (ਅਤੇ ਸ਼ਾਇਦ ਯੋਜਨਾ ਬਣਾਉਂਦਿਆਂ) ਲਗਭਗ ਚਾਰ ਮਹੀਨੇ (ਦਿਸੰਬਰ ਤੋਂ ਅਪ੍ਰੈਲ) ਤਕ ਕੱਢ ਦਿੱਤੇ। ਐਨੀ ਦੇਰ ਕਿਉਂ ਹੋਈ? ਹੋ ਸਕਦਾ ਹੈ ਕਿ ਇਸ ਸਮੇਂ ਦੌਰਾਨ ਅਰਤਹਸ਼ਸ਼ਤਾ ਕੰਮ ਦੇ ਸਿਲਸਿਲੇ ਵਿਚ ਬਾਹਰ ਗਿਆ ਹੋਵੇ ਜਿਸ ਕਰਕੇ ਨਹਮਯਾਹ ਨੂੰ ਉਸ ਤਕ ਪਹੁੰਚਣ ਦਾ ਮੌਕਾ ਨਾ ਮਿਲਿਆ। ਹੋਰ ਵੀ ਸੰਭਾਵਨਾ ਹੈ ਕਿ ਨਹਮਯਾਹ ਨੇ ਰਾਜੇ ਤਕ ਪਹੁੰਚ ਕਰਨ ਨੂੰ ਉਦੋਂ ਤਕ ਟਾਲ ਦਿੱਤਾ ਜਦੋਂ ਤਕ ਉਹਨੂੰ ਯਕੀਨ ਨਾ ਹੋਇਆ ਕਿ ਖ਼ੁਦਾ ਵੱਲੋਂ ਉਸ ਨੂੰ ਪ੍ਰਵਾਨਗੀ ਹੈ, ਉਸ ਦੀਆਂ ਯੋਜਨਾਵਾਂ ਨਾ ਬਣ ਗਈਆਂ ਅਤੇ ਰਾਜਾ ਉਸਦੀ ਬੇਨਤੀ ਨੂੰ ਮੰਨ ਲਵੇਗਾ।

ਵਿਰਤਾਂਤ ਦਾ ਅਰੰਭ, ''ਪਾਤਸ਼ਾਹ ਦੇ ਸਾਕੀ'' ਨਹਮਯਾਹ (1:11) ਨਾਲ ਹੁੰਦਾ ਹੈ ਜਿਹੜਾ **ਪਾਤਸ਼ਾਹ ਨੂੰ ਮੈ** ਪੇਸ਼ ਕਰਦਾ ਹੁੰਦਾ ਸੀ। ਮੌਕੇ ਦਾ ਪਤਾ ਨਹੀਂ ਹੈ ਕਿ ਕਦੋਂ ਦੀ ਗੱਲ ਹੈ ਪਰ ਹੋ ਸਕਦਾ ਹੈ ਕਿ ਇਹ ਕੋਈ ਸ਼ਾਹੀ ਦਾਅਵਤ ਹੋਵੇ ਜਾਂ ਰਾਜੇ ਅਤੇ ਰਾਣੀ ਦਾ ਕੋਈ ਨਿੱਜੀ ਭੋਜ (ਜਿਸ ਵਿਚ ਕੁਝ ਕੁ ਨਜ਼ਦੀਕੀ ਦੋਸਤ ਹਾਜ਼ਰ ਹੋਣ)। ਕਈਆਂ ਦਾ ਅੰਦਾਜ਼ਾ ਹੈ ਕਿ ਇਹ ਸਾਲ ਦੇ ਪਹਿਲੇ ਮਹੀਨੇ, ਨੀਸਾਨ ਵਿਚ ਹੋਈ ਘਟਨਾ ਹੈ ਇਸ ਕਰਕੇ ਇਹ ਦਾਅਵਤ ਨਵੇਂ ਸਾਲ ਦਾ ਜਸ਼ਨ ਮਨਾਉਣ ਲਈ

ਹੋਵੇਗੀ ਅਤੇ ਨਹਮਯਾਹ ਨੇ ਜਾਣ–ਬੁੱਝ ਕੇ ਉਸ ਰੀਤ ਦੇ ਕਾਰਣ ਜਿਸ ਵਿਚ ਰਾਜਾ ਉਸਦਾ ਅੱਗੇ ਪੇਸ਼ ਕੀਤੀਆਂ ਗਈਆਂ ਇੱਛਾਵਾਂ ਨੂੰ ਪ੍ਰਵਾਨਗੀ ਦਿੰਦਾ ਹੁੰਦਾ ਸੀ, ਇਸ ਮੌਕੇ ਨੂੰ ਚੁਣਿਆ। ਹੇਰੋਦੋਤਸ ਨੇ ਫ਼ਾਰਸੀ ਰਾਜੇ ਦੀ ਇਕ ਰੀਤ ਬਾਰੇ ਦੱਸਿਆ ਹੈ ਜਿਸ ਵਿਚ ਹਰ ਸਾਲ ਇਕ ਦਾਅਵਤ ਤੇ ਦਿਆਲਗੀ ਵਿਖਾਈ ਜਾਂਦੀ ਸੀ।[4] ਐੱਚ. ਜੀ. ਐੱਮ. ਵਿਲੀਅਮਸਨ ਦੇ ਅਨੁਸਾਰ, ''ਇਹ ਦਾਅਵਤ 'ਰਾਜੇ ਦੇ ਜਨਮ ਦਿਨ ਦੇ ਜਸ਼ਨ ਵਿਚ' ਹੋਈ ਦੱਸੀ ਜਾਂਦੀ ਹੈ, ਪਰ ਇਹ ਸੰਭਵ ਨਹੀਂ ਹੈ ਕਿ ਇਹ ਨਵੇਂ ਸਾਲ ਦੇ ਸ਼ੁਰੂ ਵਿਚ ਹੋਈ ਜਾਂ ਇਹ ਕਿ ਹੋਰਨਾਂ ਮੌਕਿਆਂ ਤੇ ਅਜਿਹਾ ਹੀ ਹੁੰਦਾ ਸੀ।''[5]

**ਆਇਤ 2.** ਇਸ ਦਿਨ **ਪਾਤਸ਼ਾਹ ਨੇ** ਨਹਮਯਾਹ ਦੇ ਚਿਹਰੇ ਵਿਚ ਫ਼ਰਕ ਵੇਖਿਆ। ਉਹ **ਉਦਾਸ** ਸੀ ਭਾਵ ਕੁਝ ਅਜਿਹਾ ਲਗ ਰਿਹਾ ਸੀ ਜਿਹੜਾ ਰਾਜੇ ਨੇ ਪਹਿਲਾਂ ਨਹੀਂ ਵੇਖਿਆ ਸੀ। ਇਸ ਨੂੰ ਇਵੇਂ ਕਿਹਾ ਜਾ ਸਕਦਾ ਹੈ ਕਿ ਰਾਜੇ ਦੇ ਕਿਸੇ ਵੀ ਸੇਵਕ ਲਈ ਸ਼ਹਿਨਸ਼ਾਹ ਦੀਆਂ ਇੱਛਾਵਾਂ ਨੂੰ ਪੂਰਿਆਂ ਕਰਨ ਵੇਲੇ ਆਪਣੀਆਂ ਨਿੱਜੀ ਭਾਵਨਾਵਾਂ ਨੂੰ ਵਿਖਾਉਣਾ ਸਹੀ ਨਹੀਂ ਹੈ। ਹੋ ਸਕਦਾ ਹੈ ਕਿ ਸਾਕੀ ਦੇ ਕੰਮ ਦਾ ਹਿੱਸਾ ਹੋਵੇ ਕਿ ਉਹਦਾ ਹਸਮੁਖ ਹੋਣਾ ਜ਼ਰੂਰੀ ਹੈ ਜਿਹੜਾ ਆਪਣੇ ਮਾਲਕ ਦੇ ਦਿਨ ਨੂੰ ਖੁਸ਼ਨੁਮਾ ਕਰਨ ਵਾਲਾ ਹੋਵੇ। ਜੇ ਇਹ ਗੱਲ ਹੈ ਤਾਂ ਨਹਮਯਾਹ ਨੇ ਇਸ ਤੋਂ ਪਹਿਲਾਂ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਵਿਚ ਕਦੇ ਕੋਈ ਕਸਰ ਨਹੀਂ ਛੱਡੀ।

ਜਦ ਰਾਜੇ ਨੇ ਆਪਣੇ ਸਾਕੀ ਨੂੰ ਉਸ ਦੀ ਉਦਾਸੀ ਦਾ ਕਾਰਣ ਪੁੱਛਿਆ ਤਾਂ ਨਹਮਯਾਹ **ਡਰ ਗਿਆ**, ਸ਼ਾਇਦ ਉਹਦਾ ਡਰ ਸਹੀ ਸੀ। ਪੁਰਾਣੇ ਜ਼ਮਾਨੇ ਦੇ ਰਾਜੇ ਆਮ ਤੌਰ ਤੇ ਮਨਮੌਜੀ ਹੁੰਦੇ ਸਨ। ਰਾਜੇ ਨੂੰ ਨਰਾਜ਼ ਕਰਨ ਦਾ ਮਤਲਬ ਤਬਾਹੀ ਨੂੰ ਸੱਦਾ ਦੇਣਾ ਹੁੰਦਾ ਸੀ।[6] ਨਹਮਯਾਹ ਨੂੰ ਪਤਾ ਸੀ ਕਿ ਜਿਹੜੀ ਬੇਨਤੀ ਕਰਨਾ ਉਹ ਚਾਹ ਰਿਹਾ ਹੈ, ਹੋ ਸਕਦਾ ਹੈ ਕਿ ਉਸਦੇ ਨਾਲ ਬਾਦਸ਼ਾਹ ਚਿੜ ਜਾਵੇ। ਇਕ ਅਰਥ ਵਿਚ ਉਸ ਨੇ ਉਸ ਨੂੰ ਯਰੂਸ਼ਲਮ ਅਤੇ ਯਹੂਦੀਆਂ ਦੇ ਪ੍ਰਤੀ ਆਪਣੀ ਨੀਤੀ ਨੂੰ ਬਦਲਣ ਲਈ ਕਹਿਣਾ ਸੀ। ਅਰਤਹਸ਼ਸ਼ਤਾ ਪਹਿਲਾ ਹੀ ਉਹ ਸੀ ਜਿਸ ਨੂੰ ਇਹ ਹੁਕਮ ਜਾਰੀ ਕੀਤੇ ਅਜੇ ਬਹੁਤੀ ਦੇਰ ਨਹੀਂ ਹੋਈ ਸੀ, ਕਿ ਯਹੂਦੀਆਂ ਨੂੰ ਸ਼ਹਿਰ ਅਤੇ ਇਸ ਦੀਆਂ ਕੰਧਾਂ ਨੂੰ ਬਣਾਉਣ ਤੋਂ ਰੋਕਿਆ ਜਾਵੇ (ਅਜ਼ਰਾ 4:21)। ਜਿਸ ਦਾ ਨਤੀਜਾ ਇਹ ਹੋਇਆ ਕਿ ਯਹੂਦੀਆਂ ਦੇ ਦੁਸ਼ਮਣਾਂ ਨੇ ''ਬਦੋ ਬਦੀ ਧੱਕੇ ਨਾਲ'' ਕੰਮ ਰੋਕ ਦਿੱਤਾ (ਅਜ਼ਰਾ 4:23)। ਨਹਮਯਾਹ ਨੂੰ ਇਹ ਪਤਾ ਸੀ ਕਿ ਰਾਜਾ ਆਪਣੇ ਪਹਿਲੇ ਫ਼ਰਮਾਨ ਨੂੰ ਪਲਟਨ ਤੋਂ ਝਿਜਕੇਗਾ। ਆਦਰਸ਼ ਰੂਪ ਵਿਚ ਫ਼ਾਰਸੀ ਰਾਜਿਆਂ ਦੇ ਹੁਕਮਾਂ ਨੂੰ ਬਦਿਲਆ ਨਹੀਂ ਜਾ ਸਕਦਾ ਸੀ (ਅਸਤਰ 1:19; 8:8; ਦਾਨੀਏਲ 6:8, 12, 15); ਪਰ ਅਜ਼ਰਾ 4:21 ਦੀ ਭਾਸ਼ਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਮਾਮਲੇ ਵਿਚ ਰਾਜੇ ਨੇ ਬਚਾਉ ਦਾ ਰਸਤਾ ਰਹਿਣ ਦਿੱਤਾ ਸੀ: ''ਹੁਣ ਤੁਸੀਂ ਹੁਕਮ ਕੱਢੋ ਭਈ ਇਹ ਲੋਕ ਕੰਮ ਬੰਦ ਕਰਨ ਤੇ *ਜਦ ਤਾਂਈ ਮੇਰੀ ਵੱਲੋਂ ਆਗਿਆ ਨਾ ਨਿੱਕਲੇ* ਇਹ ਸ਼ਹਿਰ ਨਾ ਬਣੇ।''

**ਆਇਤ 3.** ਨਹਮਯਾਹ ਨੇ ਬੜੇ ਅਦਬ ਨਾਲ ਜਵਾਬ ਦਿੱਤਾ, **ਪਾਤਸ਼ਾਹ ਜੁੱਗੋ ਜੁੱਗ ਜੀਉਂਦਾ ਰਹੇ** (ਵੇਖੋ 1 ਰਾਜਿਆਂ 1:31; ਦਾਨੀਏਲ 2:4; 3:9; 5:10; 6:6, 21)। ਫਿਰ ਉਸ ਨੇ ਈਮਾਨਦਾਰੀ ਨਾਲ **ਪਾਤਸ਼ਾਹ** ਨੂੰ ਦੱਸਿਆ ਕਿ ਉਸ ਨੂੰ ਦੁੱਖ ਇਹ ਖ਼ਬਰ ਸੁਣ ਕੇ ਹੋਇਆ ਸੀ ਕਿ ਉਸਦੇ ਵਢੇਰਿਆਂ ਦਾ **ਸ਼ਹਿਰ ਥੇਹ ਹੋਇਆ ਪਿਆ** ਹੈ ਅਤੇ ਉਸ ਦੇ **ਫਾਟਕ ਅੱਗ ਨੇ ਖਾ ਲਏ** ਹਨ। ਉਸ ਨੇ ਸਿਰਫ਼ ਉਸ ਸ਼ਹਿਰ ਦੀ ਗੱਲ ਕੀਤੀ ਜਿੱਥੇ ਉਹਦੇ ਵਢੇਰੇ ਦਫ਼ਨਾਏ ਗਏ ਸਨ,[7] ਜਿਸ ਨਾਲ ਉਸ ਦੀ ਬੇਨਤੀ ਨਿੱਜੀ ਹੋ ਗਈ।

ਨਹਮਯਾਹ ਨੂੰ ਖੋਲ੍ਹ ਕੇ ਇਹ ਦੱਸਣ ਦੀ ਲੋੜ ਨਹੀਂ ਸੀ ਕਿ ਸ਼ਹਿਰ ਦੀ ਚਾਰਦੀਵਾਰੀ ਦੇ ਢੱਠਣ ਨਾਲ ਉਹ ਸ਼ਹਿਰ ''ਖੰਡਰ'' ਕਿਉਂ ਬਣ ਗਿਆ। ਕਿਉਂਕਿ ਹਰ ਕਿਸੇ ਨੂੰ ਪਤਾ ਸੀ ਕਿ ਅਜਿਹੇ ਸ਼ਹਿਰ ਤੇ ਕਿਸੇ ਵੀ ਦੁਸ਼ਮਣ ਫ਼ੌਜ ਵੱਲੋਂ ਅਸਾਨੀ ਨਾਲ ਹਮਲਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਖੰਡਰ ਬਣੀ ਸ਼ਹਿਰਪਨਾਹ ਵਾਲਾ ਕੋਈ ਵੀ ਸ਼ਹਿਰ ਇਸ ਦੇ ਲੋਕਾਂ ਅਤੇ ਇਸ ਦੇ ਦੇਵਤੇ ਦੋਹਾਂ ਲਈ

ਕਲੰਕ ਹੁੰਦਾ ਸੀ। ਕਲਪਨਾ ਕੀਤੀ ਜਾ ਸਕਦੀ ਹੈ ਕਿ ਆਪਣੀ ਵਿਆਖਿਆ ਤੇ ਰਾਜੇ ਦੀ ਪ੍ਰਤੀਕਿਰਿਆ ਦੀ ਉਡੀਕ ਕਰਦਿਆਂ ਨਹਮਯਾਹ ਦੇ ਸਾਹ ਰੁਕ ਗਏ ਹੋਣ। ਉਸ ਦਾ ਭਵਿੱਖ ਅਤੇ ਯਰੂਸ਼ਲਮ ਦਾ ਭਵਿੱਖ ਇਸ ਉੱਤੇ ਨਿਰਭਰ ਸੀ ਕਿ ਰਾਜਾ ਨਹਮਯਾਹ ਦੀਆਂ ਗੱਲਾਂ ਦਾ ਕੀ ਜਵਾਬ ਦਿੰਦਾ ਹੈ।

**ਆਇਤ 4.** ਅਰਤਹਸ਼ਸ਼ਤਾ ਦਾ ਜਵਾਬ ਅਸਪੱਸ਼ਟ ਸੀ। ਉਸ ਨੇ ਆਪਣੇ ਸੇਵਕ ਨੂੰ ਝਿੜਕਿਆ ਨਹੀਂ, ਪਰ ਨਾ ਹੀ ਉਸ ਨੇ ਮਦਦ ਕਰਨ ਦਾ ਆਪਣਾ ਇਰਾਦਾ ਜ਼ਾਹਿਰ ਕੀਤਾ। ਉਸਨੇ ਸਿਰਫ਼ ਐਨਾ ਪੁੱਛਿਆ, **ਤੂੰ ਕੀ ਚਾਹੁੰਦਾ ਹੈ?** ਇਕ ਅਰਥ ਵਿਚ ਉਸ ਨੇ ਆਖਿਆ, ''ਤੂੰ ਕੀ ਚਾਹੁੰਦਾ ਹੈ ਕਿ ਮੈਂ ਤੇਰੇ ਲਈ ਕਰਾਂ?'' ਰਾਜੇ ਦੇ ਸਵਾਲ ਦੀ ਨਹਮਯਾਹ ਦੀ ਪ੍ਰਤੀਕਿਰਿਆ ਦੇ ਢੰਗ ਤੋਂ ਹਾਲਾਤ ਅਤੇ ਉਸ ਦੇ ਵੱਡੇ ਵਿਸ਼ਵਾਸ ਦੀ ਉਸ ਦੀ ਬੇਤਾਬੀ ਦਾ ਪਤਾ ਲੱਗਾ। ਕਿਉਂ ਜੋ ਉਸਨੇ **ਅਕਾਸ਼ ਦੇ ਪਰਮੇਸ਼ੁਰ ਅੱਗੇ ਬੇਨਤੀ ਕੀਤੀ**। ਉਹ ਚਾਰ ਮਹੀਨਿਆਂ ਤੋਂ ਦੁਆ ਕਰ ਰਿਹਾ ਸੀ। ਸੰਕਟ ਦੀ ਇਸ ਘੜੀ ਵਿਚ ਸੁਭਾਵਕ ਤੌਰ ਤੇ ਉਹ ਫੇਰ ਓਸੇ ਵੱਲ ਮੁੜਿਆ ਜਿਸਦੇ ਬਾਰੇ ਉਹ ਜਾਣਦਾ ਸੀ ਕਿ ਸਭ ਕੁਝ ਓਸੇ ਦੇ ਹੱਥ ਵਿਚ ਹੈ।

**ਆਇਤ 5.** ਨਹਮਯਾਹ ਨੇ **ਪਾਤਸ਼ਾਹ ਨੂੰ** ਉਸ ਨੂੰ **ਯਹੂਦਾਹ ਨੂੰ** ਭਾਵ ਉਸ ਥਾਂ ਨੂੰ ਜਿੱਥੇ ਉਸ ਦੇ ਵਢੇਰੇ ਦਫ਼ਨਾਏ ਗਏ ਸਨ, ਮਤਲਬ ਯਰੂਸ਼ਲਮ ਨੂੰ **ਘੱਲ** ਦੇਣ ਲਈ ਆਖਿਆ ਤਾਂ ਜੋ ਉਹ ਇਸ ਦੀ ਸ਼ਹਿਰਪਨਾਹ ਨੂੰ ਫੇਰ ਤੋਂ ਬਣਾ ਕੇ **ਸ਼ਹਿਰ** ਦੀ ਕਿਲ੍ਹਾਬੰਦੀ ਕਰ ਸਕੇ। ਫੇਰ ਤੋਂ, ਬੇਨਤੀ ਕਰਨ ਤੋਂ ਬਾਅਦ ਨਹਮਯਾਹ ਨੇ ਰਾਜੇ ਦਾ ਜਵਾਬ ਸੁਣਨ ਲਈ ਸ਼ੰਕਾ ਵਿਚ ਉਡੀਕ ਕੀਤੀ ਹੋਵੇਗੀ।

**ਆਇਤ 6.** ਦ੍ਰਿਸ਼ ਦਾ ਚਰਮ ਉਦੋਂ ਆਉਂਦਾ ਹੈ ਜਦੋਂ **ਪਾਤਸ਼ਾਹ** ਨੇ ਸਿਰਫ਼ ਐਨਾ ਆਖਦਿਆਂ ਜਵਾਬ ਦਿੱਤਾ, **ਤੇਰਾ ਜਾਣਾ ਕਿੰਨੇ ਚਿਰ ਲਈ ਹੈ ਅਤੇ ਤੂੰ ਕਦੋਂ ਮੁੜੇਂਗਾ?** ਨਹਮਯਾਹ ਨੂੰ ਕਿੰਨੀ ਰਾਹਤ ਮਿਲੀ ਹੋਵੇਗੀ! ਜੋ ਕਰਨ ਲਈ ਉਸ ਨੇ ਦੁਆ ਕੀਤੀ, ਅਤੇ ਯੋਜਨਾ ਬਣਾਈ ਸੀ ਅਤੇ ਉਸ ਨੂੰ ਪੂਰਾ ਕਰਨ ਦੀ ਉਮੀਦ ਕੀਤੀ ਸੀ, ਉਸ ਨੂੰ ਹੁਣ ਰਾਜੇ ਵੱਲੋਂ ਉਹਦੀ ਪ੍ਰਵਾਨਗੀ ਮਿਲ ਗਈ। ਨਹਮਯਾਹ ਨੇ ਆਖਿਆ ਸੀ ਕਿ ਖ਼ੁਦਾ ਉਸ ਨੂੰ ''ਅੱਜ ਸੁਫਲ'' ਕਰੇ (1:11)। ਜੋ ਕੁਝ ਉਸ ਦਿਨ ਹੋਇਆ ਲਗਦਾ ਹੈ ਕਿ ਉਹ ਬਿਲਕੁਲ ਉਵੇਂ ਹੀ ਸੀ ਜਿਵੇਂ ਨਹਮਯਾਹ ਨੇ ਚਾਹਿਆ। ਸਾਫ਼ ਹੈ ਕਿ ਉਸਨੇ ਚਾਰ ਮਹੀਨਿਆਂ ਤਕ ਆਪਣਾ ਦੁੱਖ ਲੁਕਾ ਰੱਖਿਆ ਸੀ ਪਰ ਇਸ ਖ਼ਾਸ ਦਿਨ ਰਾਜੇ ਅੱਗੇ ਉਹਨੂੰ ਦੱਸ ਦੇਣਾ ਚੁਣਿਆ। ਅਜਿਹੀ ਯੋਜਨਾ ਵਿਚ ਕਾਫ਼ੀ ਜੋਖਿਮ ਸੀ ਪਰ ਖ਼ੁਦਾ ਦੀ ਬਰਕਤ ਨਾਲ ਇਹ ਸਫ਼ਲ ਹੋ ਗਈ।

ਇਸ ਤੋਂ ਬਾਅਦ ਨਹਮਯਾਹ ਨੇ ਲਿਖਿਆ ਕਿ **ਪਾਤਸ਼ਾਹ** ਨੇ ਉਸ ਨੂੰ **ਘੱਲਣਾ** ਮੰਨ ਲਿਆ ਅਤੇ ਉਸ ਨੇ ਰਾਜੇ ਦੇ ਸਵਾਲ ਦਾ ਜਵਾਬ ਉਸ ਨੂੰ **ਇਕ ਵੇਲਾ** ਦੱਸ ਕੇ ਦਿੱਤਾ, ਭਾਵੇਂ ਉਸ ਨੇ ਵਚਨ ਵਿਚ ਇਹ ਨਹੀਂ ਦਿੱਤਾ ਕਿ ਇਹ ਵੇਲਾ ਕੀ ਸੀ। ਨਹਮਯਾਹ ਨੇ ਆਖਿਆ ਕਿ ਉਸ ਨੂੰ ''ਯਹੂਦਾਹ ਦੇ ਦੇਸ ਤੇ ਹਾਕਮ ਬਣਾਇਆ ਗਿਆ ਅਰਥਾਤ ਅਰਤਹਸ਼ਸ਼ਤਾ ਦੇ ਰਾਜ ਤੋਂ ਵੀਹਵੇ ਵਰ੍ਹੇ ਤੋਂ ...'' ਅਤੇ ਜ਼ਾਹਿਰ ਤੌਰ ਤੇ ਓਸਨੇ ਉਸੇ ਭੂਮਿਕਾ ਵਿਚ ਬਾਰਾਂ ਸਾਲ ਕੰਮ ਕੀਤਾ (5:14)। ਪਰ, ਇਹ ਹੋ ਸਕਦਾ ਹੈ ਕਿ ਉਸ ਨੇ ਕੰਮ ਦੇ ਪੂਰਾ ਹੋਣ ਤੇ ਸਾਲ ਦੋ ਸਾਲ ਵਿਚ ਵਾਪਸ ਆਉਣ ਦਾ ਵਾਅਦਾ ਕੀਤਾ ਹੋਵੇ।

**ਕੋਲ ਮਲਕਾ ਵੀ ਬੈਠੀ ਸੀ** ਵਾਕ ਅੰਸ਼ ਨੇ ਸਵਾਲ ਪੈਦਾ ਕਰ ਦਿੱਤਾ ਹੈ ਕਿ ਨਹਮਯਾਹ ਨੇ ਇਹ ਜਾਣਕਾਰੀ ਕਿਉਂ ਜੋੜੀ? ਸ਼ਾਇਦ ਰਾਣੀ ਦੀ ਮੌਜੂਦਗੀ ਦਾ ਜ਼ਿਕਰ ਇਹ ਸੰਕੇਤ ਦੇਣ ਲਈ ਹੈ ਕਿ ਨਹਮਯਾਹ ਨੇ ਕਿਸੇ ਨਿੱਜੀ ਫੰਕਸ਼ਨ ਵਿਚ ਆਪਣੀ ਬੇਨਤੀ ਕੀਤੀ। ਆਖ਼ਰ ਰਾਣੀਆਂ ਆਮ ਤੌਰ ਤੇ ਜਨਤਕ ਫੰਕਸ਼ਨਾਂ ਵਿਚ ਹਿੱਸਾ ਨਹੀਂ ਲੈਂਦੀਆਂ ਸਨ। ਹੋਰ ਵਿਚਾਰ ਇਹ ਹੈ ਕਿ ਨਹਮਯਾਹ ਨੇ ਦੋ ਘਟਨਾਵਾਂ ਨੂੰ ਜੋੜ ਦਿੱਤਾ। ਇਕ, ਆਮ ਲੋਕਾਂ ਵਿਚ, ਜਿੱਥੇ ਰਾਜੇ ਨੇ ਜਨਤਕ ਤੌਰ ਤੇ ਨਹਮਯਾਹ ਦੀ ਬੇਨਤੀ ਮੰਨ ਲਈ ਅਤੇ ਫਿਰ ਨਿੱਜੀ ਤੌਰ ਤੇ ਇਕ ਹੋਰ ਮੌਕੇ, ਜਿੱਥੇ ਵਿਸਤਾਰ ਨਾਲ ਗੱਲ ਕੀਤੀ ਗਈ। ਪਰ ਹੋ ਸਕਦਾ ਹੈ ਕਿ ਰਾਣੀ ਦੀ ਮੌਜੂਦਗੀ ਜ਼ਰੂਰੀ ਸੀ ਕਿਉਂ ਜੋ ਉਹਨੇ ਨਹਮਯਾਹ ਦੀ ਤਰਫ਼ੋਂ ਰਾਜੇ ਨੂੰ ਪ੍ਰਭਾਵਿਤ ਕੀਤਾ (ਜਨਤਕ ਤੌਰ ਤੇ ਜਾਂ ਨਿੱਜੀ ਤੌਰ ਤੇ)। ਨਹਮਯਾਹ ਨੂੰ ਰਾਣੀ ਦੀ ਮੌਜੂਦਗੀ

ਵਿਚ ਜਾਣ ਦੀ ਇਜਾਜ਼ਤ ਇਹ ਸਾਬਿਤ ਨਹੀਂ ਕਰਦੀ ਕਿ ਉਹ ਖੋਜਾ ਸੀ।

**ਆਇਤਾਂ 7, 8.** ਯਰੂਸ਼ਲਮ ਨੂੰ ਜਾਣ ਦੀ ਇਜਾਜ਼ਤ ਮਿਲ ਜਾਣ ਤੇ ਨਹਮਯਾਹ ਨੇ ਦੋ ਹੋਰ ਬੇਨਤੀਆਂ ਜੋੜ ਦਿੱਤੀਆਂ। ਉਸ ਨੇ **ਦਰਿਆ ਪਾਰ** ਦੇ ਇਲਾਕੇ **ਦੇ ਸੂਬੇ ਦੇ ਹਾਕਮਾਂ** ਦੇ **ਪਰਵਾਨੇ ਮੰਗੇ** ਜਿਨ੍ਹਾਂ ਨਾਲ ਉਸ ਨੂੰ ਉਨ੍ਹਾਂ ਦੇ ਇਲਾਕਿਆਂ ਦੇ ਵਿੱਚੋਂ ਦੀ **ਲੰਘਾਉਣ** ਵਿਚ ਮਦਦ ਮਿਲ ਸਕੇ। ਇਸ ਨਾਲ ਇਹ ਸਾਬਤ ਹੋਣਾ ਸੀ ਕਿ ਉਸ ਦੀ ਪੜਤਾਲ ਨੂੰ ਅਰਤਹਸ਼ਸ਼ਤਾ ਦੀ ਮੰਜ਼ੂਰੀ ਸੀ। ਉਸ ਨੂੰ ਉਸਾਰੀ ਦੇ ਆਪਣੇ ਕੰਮਾਂ ਲਈ ਲੋੜੀਂਦੀ **ਲੱਕੜ** ਲੈਣ ਦਾ ਇਖ਼ਤਿਆਰ ਦੇਣ ਲਈ **ਇੱਕ ਪਰਵਾਨਾ ਆਸਾਫ ਲਈ ਜਿਹੜਾ ਪਾਤਸ਼ਾਹੀ ਜੰਗਲ ਦਾ ਰਾਖਾ** ਸੀ, ਵੀ ਚਾਹੀਦਾ ਸੀ। ਕਈਆਂ ਨੇ ਇਹ ਵਿਚਾਰ ਕੀਤਾ ਹੈ ਕਿ ਇਹ ''ਜੰਗਲ'' ਲਬਾਨੋਨ ਵਿਚ ਸੀ ਕਿਉਂ ਜੋ ਲਬਾਨੋਨ ਦੀ ਦਿਆਰ (1 ਰਾਜਿਆਂ 5:6; NIV) ਦੀ ਲੱਕੜ **ਯਹੂਦਾਹ** ਵਿਚ ਬਣਾਈਆਂ ਜਾਣ ਵਾਲੀਆਂ ਇਮਾਰਤਾਂ ਵਿਚ ਪਹਿਲਾਂ ਉੱਥੋਂ ਹੀ ਲਿਆਈ ਜਾਂਦੀ ਸੀ (ਅਜ਼ਰਾ 3:7 ਤੇ ਟਿੱਪਣੀਆਂ ਵੇਖੋ)। ਪਰ ਇਹ ਤੱਥ ਕਿ ਕੰਮ ਦੋ ਮਹੀਨਿਆਂ ਦੇ ਅੰਦਰ ਅੰਦਰ ਪੂਰਾ ਹੋ ਗਿਆ ਇਸ ਸੰਭਾਵਨਾ ਨੂੰ ਵਧਾ ਦਿੰਦਾ ਹੈ ਕਿ ''ਪਾਤਸ਼ਾਹੀ ਜੰਗਲ'' ਯਰੂਸ਼ਲਮ ਤੋਂ ਬਹੁਤਾ ਦੂਰ ਨਹੀਂ ਸੀ (ਵੇਖੋ 8:15)। ਯਹੂਦਾਹ ਦੇ ਇਲਾਕੇ ਦੀ ਗੱਲ ਨੂੰ ਇਸ ਤੱਥ ਤੋਂ ਹੋਰ ਸਮਰਥਨ ਮਿਲਦਾ ਹੈ ਕਿ ਜੰਗਲ ਦੇ ਰਾਖੇ ''ਆਸਾਫ'' ਦਾ ਨਾਂਅ ਇਬਰਾਨੀ ਸੀ।

ਨਹਮਯਾਹ ਨੂੰ ਇਮਾਰਤੀ ਲੱਕੜੀ ਦੀ ਲੋੜ ਦੇ ਤਿੰਨ ਕਾਰਣ ਸਨ। ਸਭ ਤੋਂ ਪਹਿਲਾਂ, ਉਹ **ਸ਼ਾਹੀ ਮਹਿਲ** ਤੇ **ਭਵਨ** ਦੇ ਫਾਟਕਾਂ ਨੂੰ ਬਣਾਉਣਾ ਚਾਹੁੰਦਾ ਸੀ। ਇਹ ''ਭਵਨ'' ਜਾਂ ''ਗੜ੍ਹ'' (NIV) ਜਿਸਦਾ ਜ਼ਿਕਰ 7:2 ਵਿਚ ਵੀ ਹੈ, ਹੈਕਲ ਦੇ ਪਹਾੜ ਦੀ ਉੱਤਰ ਪੱਛਮੀ ਨੁੱਕਰ ਵੱਲੋਂ ਸਭ ਤੋਂ ਉੱਚੇ ਥਾਂ ਤੇ ਸੀ। ਨਵੇਂ ਅਤੇ ਪੁਰਾਣੇ ਨੇਮ ਦੇ ਕਾਲਾਂ ਦੌਰਾਨ ਅਸਮੋਨੀਆਂ ਨੇ ਗੜ੍ਹ ਦੇ ''ਕਿਲ੍ਹਿਆਂ ਨੂੰ ਮਜ਼ਬੂਤ ਕੀਤਾ''[8] ਅਤੇ ਬਾਅਦ ਵਿਚ ਹੇਰੋਦੇਸ ਮਹਾਨ ਨੇ ਇਸ ਨੂੰ ਅੰਟੋਨੀਆ ਦੇ ਕਿਲ੍ਹੇ ਵਿਚ ਬਦਲ ਦਿੱਤਾ।[9] ਕਰਤੱਬ 21:37; 22:24 ਵਿਚ ਇਸ ਨੂੰ ''ਕਿਲ੍ਹਾ'' ਆਖਿਆ ਗਿਆ ਹੈ। ਨਾਲੇ ਉਹ **ਸਹਿਰ ਦੀ ਕੰਧ** ਨੂੰ ਬਣਾਉਣਾ ਚਾਹੁੰਦਾ ਸੀ। ਅਸਲ ਕੰਧਾਂ ਪੱਥਰ ਨਾਲ ਬਣਾਈਆਂ ਜਾਣੀਆਂ ਸਨ ਪਰ ਲੱਕੜ ਦੀ ਲੋੜ ਸ਼ਹਿਰ ਦੇ ਫਾਟਕਾਂ ਲਈ ਹੋਣੀ ਸੀ। ਇਹ ''ਅੱਗ ਨਾਲ ਸੜ ਗਏ'' ਸਨ (1:3; 2:3)। ਇਸ ਤੋਂ ਇਲਾਵਾ ਉਹ ਆਪਣਾ **ਘਰ** ਵੀ ਬਣਾਉਣਾ ਚਾਹੁੰਦਾ ਸੀ। ਹਾਕਮ ਜਾਂ ਗਵਰਨਰ ਹੋਣ ਕਰਕੇ ਉਸ ਨੂੰ ਘਰ ਦੀ ਲੋੜ ਸੀ। ਸਿਰਫ਼ ਰਹਿਣ ਲਈ ਹੀ ਨਹੀਂ ਬਲਕਿ ਇਕ ਅਜਿਹੀ ਥਾਂ ਦੀ ਜਿੱਥੋਂ ਉਹ ਆਪਣਾ ਕੰਮਕਾਰ ਕਰ ਸਕਦਾ ਸੀ।

ਨਹਮਯਾਹ ਨੇ ਇਹ ਜੋੜਦਿਆਂ ਕਿ **ਪਾਤਸ਼ਾਹ ਨੇ** ਜੋ ਉਹਨੂੰ ਚਾਹੀਦਾ ਸੀ ਉਹ ਦੇਣਾ ਮੰਨ ਲਿਆ, ਅਰਤਹਸ਼ਸ਼ਤਾ ਨਾਲ ਹੋਈ ਆਪਣੀ ਗੱਲਬਾਤ ਦਾ ਵੇਰਵਾ ਬੰਦ ਕਰ ਦਿੱਤਾ। ਆਪਣੀ ਸਫ਼ਲਤਾ ਦਾ ਸਿਹਰਾ ਉਸ ਨੇ ਯਹੋਵਾਹ ਨੂੰ ਦਿੱਤਾ। ਹੁਣ ਤਕ ਜੋ ਕੁਝ ਉਸਨੇ ਹਾਸਲ ਕੀਤਾ ਸੀ, ਉਹਨੂੰ ਇਹ ਇਸ ਕਰਕੇ ਕਰ ਸਕਿਆ ਸੀ **ਕਿਉਂਕਿ** *[ਉਸ ਦੇ]* **ਪਰਮੇਸ਼ੁਰ ਦਾ ਨੇਕ ਹੱਥ** *[ਉਸ ਦੇ]* **ਉੱਤੇ ਸੀ।** ਅਰਤਹਸ਼ਸ਼ਤਾ ਨੇ ਨਹਮਯਾਹ ਨੂੰ ਘੱਲਣ ਵਿਚ ਰਜ਼ਾਮੰਦੀ ਦਿੱਤੀ ਹੋ ਸਕਦੀ ਹੈ ਕਿਉਂ ਜੋ ਉਹ ਉਹਦੇ ਹੱਥ ਵੀ ਸੀ। ਇਲਾਕੇ ਦੇ ਦੂਜੇ ਲੋਕਾਂ ਨੇ ਫ਼ਾਰਸੀ ਰਾਜੇ ਦੇ ਖ਼ਿਲਾਫ਼ ਬਗ਼ਾਵਤ ਕੀਤੀ ਸੀ, ਇਸ ਕਰਕੇ ਹੋ ਸਕਦਾ ਹੈ ਕਿ ਉਸ ਨੂੰ ਇਹ ਲੱਗਾ ਹੋਵੇ ਕਿ ਨਹਮਯਾਹ ਦੀ ਮਦਦ ਕਰਨਾ ਅਜਿਹੇ ਇਲਾਕੇ ਵਿਚ ਜਿਹੜਾ ਗੜਬੜ ਕਰਨ ਲਈ ਬਦਨਾਮ ਹੋਵੇ, ਯਹੂਦੀਆਂ ਨੂੰ ਉਸਦੇ ਸਾਥੀ ਬਣਾ ਲਵੇਗਾ। ਅਰਤਹਸ਼ਸ਼ਤਾ ਨੇ ਜੋ ਵੀ ਸੋਚਿਆ ਹੋਵੇ, ਨਹਮਯਾਹ ਨੇ ਇਹ ਮੰਨਿਆ ਕਿ ਇਖ਼ਤਿਆਰ ਖ਼ੁਦਾ ਦੇ ਹੱਥ ਵਿਚ ਹੀ ਹੈ। ਜੇ ਫ਼ਾਰਸ ਦੇ ਬਾਦਸ਼ਾਹ ਨੇ ਉਸ ਦੀ ਮਦਦ ਕੀਤੀ ਤਾਂ ਇਹ ਸਿਰਫ਼ ਇਸ ਕਰਕੇ ਸੀ, ਕਿਉਂ ਜੋ ਖ਼ੁਦਾ ਨੇ ਉਸ ਨੂੰ ਅਜਿਹਾ ਕਰਨ ਲਈ ਕਿਹਾ।

## ਨਹਮਯਾਹ ਦਾ ਯਹੂਦਾਹ ਨੂੰ ਜਾਣਾ (2:9, 10)

**[9]ਤਦ ਮੈਂ ਦਰਿਆ ਦੇ ਪਾਰ ਹਾਕਮਾਂ ਦੇ ਕੋਲ ਗਿਆ ਅਤੇ ਪਾਤਸ਼ਾਹੀ ਪਰਵਾਨੇ ਉਨ੍ਹਾਂ ਨੂੰ ਦਿੱਤੇ ਅਤੇ ਪਾਤਸ਼ਾਹ ਨੇ ਮੇਰੇ ਨਾਲ ਫ਼ੌਜੀ ਸਰਦਾਰ ਅਤੇ ਅਸਵਾਰ ਘੱਲੇ। [10]ਜਦ ਸਨਬੱਲਟ ਹੋਰੋਨੀ ਅਤੇ ਟੋਬੀਯਾਹ ਅੰਮੋਨੀ ਟਹਿਲੂਏ ਨੇ ਸੁਣਿਆ ਤਾਂ ਉਨ੍ਹਾਂ ਨੇ ਬਹੁਤ ਬੁਰਾ ਮਨਾਇਆ ਕਿ ਇੱਕ ਆਦਮੀ ਇਸਰਾਏਲੀਆਂ ਦੀ ਭਲਿਆਈ ਦਾ ਚਾਹਵੰਦ ਆਇਆ ਹੈ।**

**ਆਇਤ 9.** ਅਰਤਹਸ਼ਸ਼ਤਾ ਦੇ ਅਸ਼ੀਰਵਾਦ ਨਾਲ, ਨਹਮਯਾਹ ਸ਼ੂਸ਼ਨ ਤੋਂ ਯਰੂਸ਼ਲਮ ਨੂੰ ਨਿੱਕਲ ਗਿਆ। ਉਸ ਦੇ ਸਫ਼ਰ ਦਾ ਵੇਰਵਾ, ਭਾਵ ਇਕ ਹਜ਼ਾਰ ਮੀਲ ਤੋਂ ਵੱਧ ਪੈਂਡੇ ਦਾ ਵਰਣਨ ਜਿਸ ਵਿਚ ਕਈ ਮਹੀਨੇ ਲਗ ਗਏ ਹੋਣਗੇ, ਉਵੇਂ ਨਹੀਂ ਕੀਤਾ ਗਿਆ ਜਿਵੇਂ ਜ਼ਰੁੱਬਾਬਲ ਅਤੇ ਅਜ਼ਰਾ ਦੇ ਸਫ਼ਰਾਂ ਦਾ ਵੇਰਵਾ ਵਿਸਤਾਰ ਨਾਲ ਦਿੱਤਾ ਗਿਆ ਹੈ (ਵੇਖੋ ਅਜ਼ਰਾ 2:1; 7:6–8; 8:31, 32)। ਵਚਨ ਇਹ ਦੱਸਦਾ ਹੈ ਕਿ ਨਹਮਯਾਹ **ਦਰਿਆ ਪਾਰ ਦੇ ਹਾਕਮਾਂ ਕੋਲ ਗਿਆ ਅਤੇ** ਉਸਨੇ **ਪਾਤਸ਼ਾਹੀ ਪਰਵਾਨੇ ਉਨ੍ਹਾਂ ਨੂੰ ਦਿੱਤੇ**। ਅਰਤਹਸ਼ਸ਼ਤਾ ਨੇ ਉਸ ਦੇ ਮਿਸ਼ਨ ਨੂੰ ਪਰਵਾਨਗੀ ਦਿੱਤੀ ਸੀ ਇਸ ਕਰਕੇ ਉਨ੍ਹਾਂ **ਫ਼ੌਜੀ ਸਰਦਾਰ** ਅਤੇ **ਅਸਵਾਰ** ਦੇ ਕੇ ਗਾਰਦ ਵੀ ਦਿੱਤੀ।[10] ਸਰਕਾਰੀ ਦਸਤਾਵੇਜ਼ਾਂ ਅਤੇ ਫ਼ੌਜੀ ਗਾਰਦ ਦੀ ਵਰਤੋਂ ਨਹਮਯਾਹ ਦੇ ਕੰਮ ਨੂੰ ਲਾਗੂ ਕਰਵਾਉਣ ਅਤੇ ਇਹ ਜ਼ੋਰ ਦੇਣ ਲਈ ਕੀਤੀ ਗਈ ਕਿ ਉਹਨੂੰ ਹਕੂਮਤ ਦੀ ਪੂਰੀ ਤਾਕਤ ਦੇ ਕੇ ਫ਼ਾਰਸੀ ਰਾਜੇ ਵੱਲੋਂ ਘੱਲਿਆ ਗਿਆ ਸੀ।[11]

**ਆਇਤ 10.** ਫਿਰ ਨਹਮਯਾਹ ਨੇ ਕਹਾਣੀ ਦੇ ਖਲਨਾਇਕਾਂ **ਸਨਬੱਲਟ ਹੋਰੋਨੀ ਅਤੇ ਟੋਬੀਯਾਹ ਅੰਮੋਨੀ** ਦੇ ਨਾਂਅ ਦਿੱਤੇ। ਕਹਾਣੀ ਵਿਚ ਇਨ੍ਹਾਂ ਦੋਹਾਂ ਦੇ ਨਾਂਅ (2:19 ਵਿਚ ਤੀਜੇ ਵਿਅਕਤੀ ਦਾ) ਕਈ ਵਾਰ ਮਿਲਦੇ ਹਨ, ਜਿੱਥੇ ਹਮੇਸ਼ਾ ਇਨ੍ਹਾਂ ਨੂੰ ਯਹੂਦੀਆਂ ਦੇ ਦੁਸ਼ਮਣਾਂ ਦੇ ਰੂਪ ਵਿਚ ਵਿਖਾਇਆ ਗਿਆ ਹੈ (2:10, 19; 4:1, 7, 8; 6:1, 2, 5, 12, 14; 13:28)।

ਬਾਈਬਲ ਦੇ ਬਾਹਰੀ ਸਰੋਤਾਂ ਤੋਂ ਸਨਬੱਲਟ ਨੂੰ ਸਾਮਰੀਆ ਦਾ ਹਾਕਮ ਦੱਸਿਆ[12] ਜਾਂਦਾ ਹੈ ਭਾਵੇਂ ਨਹਮਯਾਹ ਦੀ ਕਿਤਾਬ ਵਿਚ ਉਹਦੀ ਪਛਾਣ ਇਵੇਂ ਨਹੀਂ ਦਿੱਤੀ ਗਈ। ਕਈਆਂ ਦਾ ਸੁਝਾਅ ਹੈ ਕਿ ਉਸ ਦਾ ਨਾਂਅ ''ਹੋਰੋਨੀ'' ਇਹ ਸੁਝਾਅ ਦਿੰਦਾ ਹੈ ਕਿ ਉਹ ਹਰੋਨ ਨਾਮਕ ਕਿਸੇ ਕਨਾਨੀ ਦੇਵਤੇ ਦਾ ਉਪਾਸਕ ਸੀ। ਇਸ ਦੇ ਉਲਟ ਉਸ ਨੂੰ ''ਹੋਰੋਨੀ'' ਇਸ ਕਰਕੇ ਵੀ ਕਿਹਾ ਜਾਂਦਾ ਹੋਵੇਗਾ ਕਿਉਂਕਿ ਉਹ ਯਰੂਸ਼ਲਮ ਦੇ ਉੱਤਰ ਪੱਛਮ ਵੱਲ ਬਾਰਾਂ ਕੁ ਮੀਲ ਦੂਰ ਬੈਥ–ਹੋਰੋਮ ਦਾ ਰਹਿਣ ਵਾਲਾ ਸੀ।[13] ਜੇਕਬ ਐੱਮ. ਮਾਇਰਸ ਦਾ ਵਿਚਾਰ ਸੀ ਕਿ ''ਸਨਬੱਲਟ ਅੱਸ਼ੂਰੀ ਜਿੱਤ ਤੋਂ ਬਾਅਦ ਸਾਮਰੀਆ ਵਿਚ ਵੱਸ ਗਏ ਰਲੇ ਮਿਲੇ ਸਮੂਹ [2 ਰਾਜਿਆਂ 17:24, 29–31] ਦੀ ਸੰਤਾਨ ਸੀ।'' ਉਸ ਨੇ ਹੋਰ ਫ਼ਰਕ ਦਿੱਤਾ ਕਿ ਸਨਬੱਲਟ ਯਹੋਵਾਹ ਦੀ ਬੰਦਗੀ ਕਰਦਾ ਸੀ, ਕਿਉਂ ਜੋ ਉਸ ਦੇ ਪੁੱਤਰਾਂ ਦੇ ਨਾਵਾਂ ਵਿਚ ਅਖ਼ੀਰ ਵਿਚ ''ਯਾਹ[ਵੇਹ]'' ਆਉਂਦਾ ਹੈ। ਹੋਰ ਤਾਂ ਹੋਰ ਸਨਬੱਲਟ ''ਪੱਕਾ ਹੈ ਕਿ ਨਿਰੋਲ ਯਾਹਵੇਵਾਦੀ ਨਹੀਂ ਸੀ। ਜਿਵੇਂ ਕਿ ਯਰੂਸ਼ਲਮ ਦੇ ਆਗੂਆਂ ਵੱਲੋਂ ਉਸ ਦੇ ਠੁਕਰਾਏ ਜਾਣ ਤੋਂ ਪਤਾ ਲਗਦਾ ਹੈ।''[14]

ਟੋਬੀਯਾਹ, ਜਿਸ ਦੇ ਨਾਂਅ ਦਾ ਅਰਥ ਹੈ ''ਯਾਹਵੇਹ ਚੰਗਾ ਹੈ,'' ਵੀ ਯਹੂਦੀ ਹੀ ਹੋ ਸਕਦਾ ਹੈ,[15] ਭਾਵੇਂ ਉਸ ਨੂੰ ਅੰਮੋਨੀ ਟਹਿਲੂਆ ਦੱਸਿਆ ਗਿਆ ਹੈ। ''ਅੰਮੋਨੀ'' ਸ਼ਬਦ ਦਾ ਅਰਥ ਇਹ ਹੋ ਸਕਦਾ ਹੈ ਕਿ ਟੋਬੀਯਾਹ ਦੀ ਪਰਵਰਿਸ਼ ਯਹੂਦਾਹ ਦੇ ਪੂਰਬ ਵਿਚ ਹੋਈ। ''ਟਹਿਲੂਏ'' (*'ebed*, *ਏਬੇਦ*) ਦਾ ਮੂਲ ਅਰਥ ''ਸੇਵਕ'' ਹੈ। ਜ਼ਾਹਿਰ ਤੌਰ ਤੇ ਉਸ ਨੂੰ ਅੰਮੋਨ ਦੇ ਫ਼ਾਰਸੀ ਸੂਬੇ ਅੰਮੋਨ ਵਿਚ ਕਿਸੇ ਕਿਸਮ ਦਾ ਸਰਕਾਰੀ ਅਧਿਕਾਰੀ ਲਾਇਆ ਗਿਆ ਸੀ। ਸ਼ਾਇਦ ਹੋ ਸਕਦਾ ਹੈ ਕਿ ਉਹ ਗਵਰਨਰ ਜਾਂ ਹਾਕਮ ਹੋਵੇ।[16] ਜੋ ਵੀ ਹੋਵੇ ਉਹ ਸਨਬੱਲਟ ਦੇ ਕਾਫ਼ੀ ਨੇੜੇ ਸੀ।

2:19 ਵਿਚਲਾ ''ਅਰਬੀ ਗਸ਼ਮ'' ਉਹੀ ਬੰਦਾ ਮੰਨਿਆ ਜਾਂਦਾ ਹੈ ਜਿਸ ਦਾ ਜ਼ਿਕਰ ਹੋਰਨਾਂ

ਸਰੋਤਾਂ ਵਿਚ ਅਰਬੀ ਕਬੀਲੇ ਜਾਂ ਕਬੀਲਿਆਂ ਦੇ ਗੱਠਜੋੜ ਦੇ ਸਰਦਾਰ ਦੇ ਰੂਪ ਵਿਚ ਕੀਤਾ ਗਿਆ ਹੈ, ਜਿਹੜੇ ਉੱਤਰੀ ਅਰਬ ਵਿਚ ਯਹੂਦਾਹ ਦੇ ਦੱਖਣ ਪੂਰਬ ਦੇ ਵੱਡੇ ਇਲਾਕੇ ਕੇਦਾਰ ਵਿਚ ਵੱਸਦੇ ਸਨ। ਉਸ ਦਾ ਪ੍ਰਭਾਵ ਜ਼ਾਹਿਰ ਤੌਰ ਤੇ ਕੇਦਾਰ ਤੋਂ ਲੈ ਕੇ ਦੱਖਣੀ ਯਹੂਦਾਹ ਅਤੇ ਮਿਸਰ ਤਕ ਸੀਨੈ ਪ੍ਰਾਇਦੀਪ ਦੇ ਪਾਰ ਤਕ ਸੀ।[17]

ਇਸ ਸੰਭਾਵਨਾ ਨੇ ਸਨਬੱਲਟ ਅਤੇ ਟੋਬੀਯਾਹ ਨੂੰ ਨਾਰਾਜ਼ ਕਰ ਦਿੱਤਾ ਕਿ ਕਿਸੇ ਨੂੰ ਫ਼ਾਰਸੀ ਰਾਜੇ ਵੱਲੋਂ ਯਹੂਦਾਹ ਵਿਚ ਆਣ ਕੇ **ਇਸਰਾਏਲੀਆਂ ਦੀ** ਮਦਦ ਕਰਨ ਦੀ ਪਰਵਾਨਗੀ ਮਿਲ ਗਈ ਹੈ। ਕਿਉਂ? ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਯਹੂਦੀਆਂ ਦੀ ਹਾਲਤ ਵਿਚ ਸੁਧਾਰ ਨਾਲ ਉਨ੍ਹਾਂ ਨੂੰ ਆਰਥਿਕ ਅਤੇ ਸਿਆਸੀ ਤੌਰ ਤੇ ਨੁਕਸਾਨ ਹੋਣਾ ਸੀ। ਨਹਮਯਾਹ ਨੂੰ ਹਾਕਮ ਠਹਿਰਾਇਆ ਗਿਆ ਸੀ, ਇਸ ਕਰਕੇ ਯਹੂਦਾਹ ਉੱਤੇ ਉਨ੍ਹਾਂ ਦਾ ਕੋਈ ਇਖ਼ਤਿਆਰ ਨਹੀਂ ਰਹਿਣਾ ਸੀ। ਨਾਲੇ ਉਹ ਯਕੀਨੀ ਤੌਰ ਤੇ ਯਹੂਦੀਆਂ ਦੀ ਖੱਟੀ ਖਾ ਰਹੇ ਹੋਣਗੇ (ਸ਼ਾਇਦ ਉਨ੍ਹਾਂ ਉੱਤੇ ਕਰ, ਮਹਿਸੂਲ ਜਾਂ ਲਗਾਨ ਲਾ ਕੇ)। ਯਥਾਸਥਿਤੀ ਵਿਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਉਨ੍ਹਾਂ ਦੇ ਫ਼ਾਇਦੇ ਅਤੇ ਸ਼ਕਤੀ ਦਾ ਘਟ ਜਾਣਾ ਹੋਣਾ ਸੀ।

## ਨਹਮਯਾਹ ਦਾ ਯਰੂਸ਼ਲਮ ਦੀ ਸ਼ਹਿਰਪਨਾਹ ਤੇ ਕੰਮ ਸ਼ੁਰੂ (2:11-20)

### ਨਹਮਯਾਹ ਦਾ ਯਰੂਸ਼ਲਮ ਦੀ ਸ਼ਹਿਰਪਨਾਹ ਦਾ ਮੁਆਇਨਾ ਕਰਨਾ (2: 11-15)

**[11]ਸੋ ਮੈਂ ਯਰੂਸ਼ਲਮ ਨੂੰ ਆਇਆ ਅਤੇ ਉੱਥੇ ਤਿੰਨ ਦਿਨ ਰਿਹਾ [12]ਤਾਂ ਮੈਂ ਰਾਤ ਨੂੰ ਉੱਠਿਆ, ਮੈਂ ਅਤੇ ਮੇਰੇ ਨਾਲ ਹੋਰ ਮਨੁੱਖ, ਅਰ ਜਿਹੜਾ ਕੰਮ ਮੇਰੇ ਪਰਮੇਸ਼ੁਰ ਨੇ ਮੇਰੇ ਦਿਲ ਵਿੱਚ ਯਰੂਸ਼ਲਮ ਲਈ ਕਰਨ ਨੂੰ ਪਾਇਆ ਸੀ ਮੈਂ ਕਿਸੇ ਨੂੰ ਨਾ ਦੱਸਿਆ ਅਤੇ ਨਾ ਮੇਰੇ ਨਾਲ ਕੋਈ ਪਸੂ ਸੀ ਛੁਟ ਉਸ ਪਸੂ ਦੇ ਜਿਹਦੇ ਉੱਤੇ ਮੈਂ ਅਸਵਾਰ ਸਾਂ [13]ਅਤੇ ਮੈਂ ਰਾਤ ਨੂੰ ਵਾਦੀ ਦੇ ਫਾਟਕ ਤੋਂ ਨਿੱਕਲ ਕੇ ਨਾਗ ਦੇ ਸੋਤੇ ਦੇ ਸਾਹਮਣੇ ਅਤੇ ਕੂੜੇ ਦੇ ਫਾਟਕ ਨੂੰ ਗਿਆ ਅਤੇ ਯਰੂਸ਼ਲਮ ਦੀਆਂ ਟੁੱਟੀਆਂ ਹੋਈਆਂ ਕੰਧਾਂ ਨੂੰ ਅਤੇ ਅੱਗ ਦੇ ਖਾਧੇ ਹੋਏ ਫਾਟਕ ਨੂੰ ਵੇਖਿਆ [14]ਫੇਰ ਮੈਂ ਚਸ਼ਮੇ ਫਾਟਕ ਤੋਂ ਲੰਘ ਕੇ ਪਾਤਸ਼ਾਹੀ ਤਲਾ ਨੂੰ ਗਿਆ ਪਰ ਉੱਥੇ ਉਸ ਪਸੂ ਦੇ ਜਿਹੜਾ ਮੇਰੇ ਹੇਠ ਸੀ ਲੰਘਣ ਲਈ ਕੋਈ ਥਾਂ ਨਹੀਂ ਸੀ [15]ਫਿਰ ਮੈਂ ਰਾਤ ਨੂੰ ਹੀ ਨਾਲੇ ਵੱਲ ਚੜ੍ਹ ਗਿਆ ਅਤੇ ਕੰਧ ਨੂੰ ਵੇਖ ਕੇ ਮੁੜਿਆ ਅਤੇ ਵਾਦੀ ਦੇ ਫਾਟਕ ਥਾਣੀ ਮੁੜ ਆਇਆ।**

**ਆਇਤ 11.** ਨਹਮਯਾਹ ਨੇ ਇਕ ਹਜ਼ਾਰ ਤੋਂ ਵੱਧ ਮੀਲ ਸਫ਼ਰ ਕਰਨ ਤੋਂ ਬਾਅਦ ਆਪਣੇ ਆਉਣ ਦੀ ਗੱਲ ਲਿਖੀ। ਉਸ ਨੇ ਆਖਿਆ ਕਿ ਉਹ **ਯਰੂਸ਼ਲਮ ਨੂੰ ਆਇਆ** ਅਤੇ ਅੱਗੇ ਬਿਨਾਂ ਇਹ ਦੱਸਣ ਦੇ ਕਿ ਉਸ ਦੌਰਾਨ ਉਸਨੇ ਕੀ ਕੀਤਾ, ਕਿਹਾ ਕਿ ਉਹ **ਉੱਥੇ ਤਿੰਨ ਦਿਨ ਰਿਹਾ**। ਬਾਬਲ ਤੋਂ ਅਜ਼ਰਾ ਦੀ ਵਾਪਸੀ ਨਾਲ ਸਬੰਧਿਤ ਵੇਰਵਾ ਵੀ ਇਹੀ ਹੈ (ਅਜ਼ਰਾ 8:32), ਇਸ ਕਰਕੇ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਲੰਮੇ ਅਤੇ ਮੁਸ਼ਕਿਲ ਸਫ਼ਰ ਤੋਂ ਬਾਅਦ ''ਤਿੰਨ ਦਿਨ'' ਤਾਜ਼ਗੀ ਲਈ ਲੱਗਣ ਵਾਲਾ ਆਮ ਸਮਾਂ ਸੀ।

**ਆਇਤ 12.** ਨਹਮਯਾਹ ਨੇ ਯਰੂਸ਼ਲਮ ਦੀਆਂ ਢੱਠੀਆਂ ਕੰਧਾਂ ਦੇ ਆਪਣੇ ਰਾਤ ਵੇਲੇ ਕੀਤੇ ਮੁਆਇਨੇ ਦਾ ਵਰਣਨ ਕੀਤਾ। ਉਸ ਨੇ ਇਹ ਸਪੱਸ਼ਟ ਕੀਤਾ ਕਿ ਉਹ **ਰਾਤ ਨੂੰ** (ਸੰਭਵ ਤੌਰ ਤੇ ਜਦ ਉਹ ਚੰਨ ਦੀ ਚਾਨਣੀ ਵਿਚ ਵੇਖ ਸਕਦਾ ਹੋਵੇ) ਸ਼ਹਿਰ ਦੇ ਲੋਕਾਂ ਤੋਂ ਆਪਣੇ ਮਕਸਦ ਨੂੰ ਲੁਕਾਉਣ ਲਈ ਗਿਆ। ਇੱਥੋਂ ਤਕ ਕਿ ਉਸਨੇ ਉਨ੍ਹਾਂ ਨੂੰ ਇਹ ਨਹੀਂ ਦੱਸਿਆ ਸੀ ਕਿ ਉਹ ਯਰੂਸ਼ਲਮ ਕੀ ਕਰਨ ਲਈ ਆਇਆ ਸੀ। ਉਸਨੇ ਆਪਣੀਆਂ ਯੋਜਨਾਵਾਂ ਨੂੰ ਦੱਸਣ ਵਿਚ ਦੇਰੀ ਕਰਨ ਦਾ ਕੋਈ ਕਾਰਣ ਨਹੀਂ ਦੱਸਿਆ। ਸ਼ਾਇਦ ਉਹ ਪੱਕਾ ਕਰਨਾ ਚਾਹੁੰਦਾ ਸੀ ਕਿ ਦੂਜਿਆਂ ਨੂੰ ਕੁਝ ਵੀ ਕਹਿਣ ਤੋਂ ਪਹਿਲਾਂ ਜੋ

ਕੁਝ ਉਸਨੇ ਬਰਬਾਦ ਕੰਧਾਂ ਬਾਰੇ ਸੁਣਿਆ ਹੈ ਉਹ ਸਹੀ ਹੈ ਜਾਂ ਨਹੀਂ। ਹੋ ਸਕਦਾ ਹੈ ਕਿ ਉਹ ਇਹਦੇ ਲਈ ਕੋਈ ਯੋਜਨਾ ਸੁਝਾਉਣ ਤੋਂ ਪਹਿਲਾਂ ਇਹ ਵੇਖਣਾ ਚਾਹੁੰਦਾ ਹੋਵੇ ਕਿ ਕੀ ਕੀਤਾ ਜਾ ਸਕਦਾ ਹੈ। ਉਸ ਨੇ ਆਪਣੇ ਦੁਸ਼ਮਣਾਂ ਨੂੰ ਆਪਣੀ ਪੇਸ਼ਕਸ਼ ਦੇ ਪਤਾ ਲੱਗਣ ਤੋਂ ਰੋਕਣ ਲਈ ਆਪਣਾ ਮਿਸ਼ਨ ਗੁਪਤ ਰੱਖਣਾ ਦਾ ਫ਼ੈਸਲਾ ਕੀਤਾ ਹੋ ਸਕਦਾ ਹੈ। ਜੇ ਉਨ੍ਹਾਂ ਨੂੰ ਪਤਾ ਲਗ ਜਾਂਦਾ ਤਾਂ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਉਸ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਪਾ ਸਕਦੇ ਸਨ। ਐੱਫ਼. ਚਾਰਲਸ ਫ਼ੈਂਸ਼ਮ ਨੇ ਇਹ ਦਲੀਲ ਦਿੰਦਿਆਂ ਕਿ ਨਹਮਯਾਹ ਦੇ ਦੁਸ਼ਮਣਾਂ ਨੂੰ ''ਇਹ ਪਤਾ ਨਹੀਂ ਹੋਵੇਗਾ ਕਿ ਉਹ ਕੀ ਯੋਜਨਾ ਬਣਾ ਰਿਹਾ ਸੀ ਨਹੀਂ ਤਾਂ ਜਿਵੇਂ ਅਰਤਹਸ਼ਸ਼ਤਾ ਦੀ ਹਕੂਮਤ ਦੀ ਸ਼ੁਰੂਆਤ ਵਿਚ ਕੀਤਾ ਸੀ [ਅਜ਼ਰਾ 4:7-16], ਉਹ ਉਸ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰ ਸਕਦੇ ਸਨ'' ਇਸ ਆਖ਼ਰੀ ਸੰਭਾਵਨਾ ਦਾ ਸਮਰਥਨ ਕੀਤਾ।[18]

ਨਹਮਯਾਹ ਨੇ ਸ਼ਹਿਰਪਨਾਹ ਦੇ ਦੁਆਲੇ ਆਪਣੇ ਦੌਰੇ ਦਾ ਕੁਝ ਵੇਰਵਾ ਦਿੱਤਾ। ਉਹ ਇਕ ਪਹਾੜ ਤੇ ਚੜ੍ਹ ਗਿਆ (ਸੰਭਵ ਤੌਰ ਤੇ ਕਿਸੇ ਖੋਤੇ ਤੇ ਸਵਾਰ ਹੋ ਕੇ) ਅਤੇ **ਹੋਰ ਮਨੁੱਖ** (ਸ਼ਾਇਦ ਕੁਝ ਭਰੋਸੇਮੰਦ ਦੋਸਤ ਜਾਂ ਰਾਜੇ ਦੇ ਸਿਪਾਹੀਆਂ ਵਿੱਚੋਂ ਕੁਝ ਜਿਹੜੇ ਯਹੂਦਾਹ ਵਿਚ ਉਹਦੇ ਨਾਲ ਆਏ ਸਨ) ਉਹਦੇ ਨਾਲ ਪੈਦਲ ਗਏ। ਘੋੜਿਆਂ ਤੇ ਨਾ ਜਾ ਕੇ ਉਨ੍ਹਾਂ ਨੇ ਫੜੇ ਜਾਣ ਅਤੇ ਗੜਬੜ ਪੈਦਾ ਕਰਨ ਦੀ ਸੰਭਾਵਨਾ ਨੂੰ ਘਟਾ ਦਿੱਤਾ।

**ਆਇਤ 13.** ਇਹ ਜੱਥਾ ਸ਼ਹਿਰ ਦੇ ਪੱਛਮ ਵੱਲ **ਵਾਦੀ ਦੇ ਫਾਟਕ** ਵਿੱਚੋਂ ਨਿੱਕਲ ਗਿਆ। ਇਹ ਵਾਦੀ ਕਿਹੜੇ ਫਾਟਕ ਵੱਲ ਸੀ? ਨਹਮਯਾਹ ਦੇ ਸਮੇਂ ਯਰੂਸ਼ਲਮ ਦੇ ਅਕਾਰ ਅਤੇ ਪੱਛਮੀ ਕੰਧ ਦੀ ਸਥਿਤੀ ਦਾ ਪੱਕਾ ਪਤਾ ਨਹੀਂ, ਇਸ ਕਰਕੇ ਦੱਸਿਆ ਨਹੀਂ ਜਾ ਸਕਦਾ। ਜੋ ਲੋਕ ਇਹ ਸੋਚਦੇ ਹਨ ਕਿ ਯਰੂਸ਼ਲਮ ਬਹੁਤ ਵੱਡਾ ਸੀ ਉਨ੍ਹਾਂ ਦਾ ਸੁਝਾਅ ਹੈ ਕਿ ਇਹ ਕੇਂਦਰੀ ਵਾਦੀ ਜਾਂ ਹਿੰਨੋਮ ਦੀ ਘਾਟੀ ਹੋ ਸਕਦੀ ਹੈ।[19] ਪਰ ਹੋਰਨਾਂ ਦਾ ਮੰਨਣਾ ਹੈ ਕਿ ਨਹਮਯਾਹ ਦੇ ਸਮੇਂ ਵਿਚ ਯਰੂਸ਼ਲਮ ਛੋਟਾ ਸੀ ਅਤੇ ਫਾਟਕ ਤਾਰੋਪੋਯੋਮ ਵਾਦੀ ਵਾਲੇ ਪਾਸੇ ਸੀ।[20]

ਨਹਮਯਾਹ ਅਤੇ ਉਸ ਦੇ ਬੰਦੇ **ਨਾਗ ਦੇ ਸੋਤੇ** ਜਾਂ ''ਗਿੱਦੜ ਦੇ ਚਸ਼ਮੇ'' (NJPSV) ਵੱਲ ਗਏ ਜਿਸ ਬਾਰੇ ਇਹ ਪਤਾ ਨਹੀਂ ਹੈ ਕਿ ਉਹ ਕਿੱਥੇ ਸੀ। ਫਿਰ ਉਹ ਸ਼ਹਿਰ ਦੇ ਦੱਖਣੀ ਕੰਢੇ ਤੇ **ਕੂੜੇ ਦੇ ਫਾਟਕ** ਵੱਲ ਗਏ। ਮੂਲ ਵਿਚ ''ਕੂੜੇ'' ਲਈ ਇਬਰਾਨੀ ਸ਼ਬਦ (*'ashpoth*, *ਅਸ਼ਪੋਥ*) ਦਾ ਅਰਥ ''ਸੁਆਹ ਦਾ ਢੇਰ'' ਹੈ। ਹੋਰਨਾਂ ਸੰਸਕਰਣਾਂ ਵਿਚ ''ਮਲਬੇ ਵਾਲਾ ਫਾਟਕ'' (TEV), ''ਕੂੜੇ ਵਾਲਾ ਗੇਟ'' (NCV) ਅਤੇ ''ਗੋਹੇ ਵਾਲਾ ਫਾਟਕ'' (NIV) ਹੈ। ਯਹੂਦੀ ਜ਼ਾਹਿਰ ਤੌਰ ਤੇ ਹਿੰਨੋਮ ਦੀ ਘਾਟੀ ਵਿਚ ਆਪਣਾ ਕੂੜਾ ਸੁੱਟਣ ਲਈ ਇਸੇ ਫਾਟਕ ਵਿੱਚੋਂ ਦੀ ਲੰਘਦੇ ਸਨ। ਇਹ ਸੰਭਵ ਤੌਰ ਤੇ ਯਿਰਮਿਯਾਹ 19:2 ਵਿਚ ''ਠੀਕਰੀਆਂ ਦੇ ਫਾਟਕ'' ਦਾ ਸਮਾਨ ਅਰਥੀ ਸ਼ਬਦ ਹੈ।

**ਆਇਤ 14.** ਇਹ ਜੱਥਾ ਕੂੜੇ ਵਾਲੇ ਫਾਟਕ ਤੋਂ, ਸ਼ਹਿਰ ਦੇ ਦੁਆਲੇ ਖੱਬੇ ਹੱਥ ਜਾਣ ਲਈ ਅੱਗੇ ਵਧ ਗਿਆ। ਉਹ **ਚਸ਼ਮੇ ਫਾਟਕ** ਅਤੇ **ਪਾਤਸ਼ਾਹੀ ਤਲਾ** ਤੇ ਗਏ। ਇਹ ''ਦਾਊਦ ਦੇ ਸ਼ਹਿਰ'' ਦੇ ਨਾਲ ਲਗਦੀ ਦੱਖਣ ਪੂਰਬੀ ਕੰਧ ਦੇ ਨਾਲ ਨਾਲ ਸਨ (3:15; 12:37)। ''ਚਸ਼ਮੇ ਫਾਟਕ'' ਕਿਦਰੋਨ ਅਤੇ ਹਿੰਨੋਮ ਦੀਆਂ ਵਾਦੀਆਂ ਦੇ ਮੁਹਾਣੇ ਤੇ ਏਨ-ਰੋਗੇਲ ਚਸ਼ਮੇ ਵੱਲ ਜਾਂਦਾ ਹੋਵੇਗਾ (ਵੇਖੋ 2 ਸਮੂਏਲ 17:17; 1 ਰਾਜਿਆਂ 1:9)। ''ਪਾਤਸ਼ਾਹੀ ਤਲਾਅ'' ਸ਼ੀਲੋਆਮ ਦਾ ਤਲਾਅ ਹੋ ਸਕਦਾ ਹੈ ਜਿਹੜਾ ਹਿਜ਼ਕੀਯਾਹ ਨੇ ਗੀਹੋਨ ਦੇ ਚਸ਼ਮੇ ਵਿੱਚੋਂ ਨਾਲੀ ਕੱਢ ਕੇ ਮੋੜਿਆ ਸੀ (2 ਰਾਜਿਆਂ 20:20; 2 ਇਤਹਾਸ 32:30)। ਪਰ, ਹੋ ਸਕਦਾ ਹੈ ਕਿ ਇਹ ਨੇੜੇ ਤੇੜੇ ਦੇ ਕਿਸੇ ਹੋਰ ਤਲਾਅ ਲਈ ਕਿਹਾ ਗਿਆ ਹੋਵੇ।

**ਆਇਤ 15.** ਇੱਥੇ ਨਹਮਯਾਹ ਨੂੰ ਆਪਣੇ ਜਾਨਵਰ ਤੋਂ ਉੱਤਰਨਾ ਪਿਆ, ਸਾਫ਼ ਤੌਰ ਤੇ ਇਸ ਕਰਕੇ ਕਿਉਂ ਜੋ ਉਹ ਬਰਬਾਦੀ ਕਾਰਣ ਪਏ ਇੱਟਾਂ-ਰੋੜਿਆਂ ਦੇ ਵਿੱਚੋਂ ਦੀ ਚੱਲ ਨਹੀਂ ਸਕਦਾ ਸੀ।[21]

ਉਹ **ਨਾਲੇ ਵੱਲ** (*nachal*, *ਨਾਖਾਲ*) ਨੂੰ ਪੈਦਲ ਹੀ **ਚੜ੍ਹ ਗਿਆ।** ਹੋਰਨਾਂ ਸੰਸਕਰਣਾਂ ਵਿਚ ਇਸ ਸ਼ਬਦ ਦਾ ਅਨੁਵਾਦ ''ਘਾਟੀ'' (NIV), ''ਦੱਰਾ'' (NASB) ਜਾਂ ''ਵਾਦੀ''(NJPSV) ਹੋਇਆ ਹੈ। ਲਗਦਾ ਹੈ ਕਿ ਇਹ ਯਰੂਸ਼ਲਮ ਦੇ ਪੂਰਬ ਵੱਲ ''ਕਿਦਰੋਨ ਘਾਟੀ'' (CEV; NLT) ਦੀ ਗੱਲ ਹੈ।

ਅਖ਼ੀਰ ਵਿਚ ਨਹਮਯਾਹ **ਵਾਦੀ ਦੇ ਫਾਟਕ** ਵੱਲ **ਮੁੜ ਆਇਆ**, ਜਿੱਥੋਂ ਪੈਂਡਾ ਸ਼ੁਰੂ ਹੋਇਆ ਸੀ (2: 13)। ਨਹਮਯਾਹ ਦਾ ਆਖ਼ਰੀ ਰੂਟ ਕੀ ਸੀ, ਇਸ ਬਾਰੇ ਅਨਿਸ਼ਚਤਤਾ ਬਣੀ ਰਹਿੰਦੀ ਹੈ। ਕਈਆਂ ਦਾ ਮੰਨਣਾ ਹੈ ਕਿ ਜਦ ਉਹ ਉਸ ਥਾਂ ਤੇ ਆਇਆ ਜਿੱਥੇ ਉਸ ਨੂੰ ਉੱਤਰਣਾ ਪਿਆ ਤਾਂ ਉਹ ਘੁੰਮ ਕੇ ਵਾਦੀ ਦੇ ਫਾਟਕ ਵੱਲ ਆ ਗਿਆ; ਹੋਰਨਾਂ ਦਾ ਕਹਿਣਾ ਹੈ ਕਿ ਉਹ ਪੈਦਲ ਚੱਲਦਾ ਰਿਹਾ ਜਦ ਤਕ ਉਸ ਨੇ ਸ਼ਹਿਰ ਦਾ ਪੂਰਾ ਚੱਕਰ ਨਹੀਂ ਲਾ ਲਿਆ। ਵੇਰਵੇ ਦਾ ਕੁੱਲ ਪ੍ਰਭਾਵ ਜਿੰਨਾਂ ਜ਼ਰੂਰੀ ਹੈ, ਉਸਦਾ ਵੇਰਵਾ ਐਨਾ ਜ਼ਰੂਰੀ ਨਹੀਂ। ਨਹਮਯਾਹ ਨੇ ''ਯਰੂਸ਼ਲਮ ਦੀਆਂ ਕੰਧਾਂ'' ਦਾ ਚੰਗੀ ਤਰ੍ਹਾਂ ਨਾਲ ਮੁਆਇਨਾ ਕੀਤਾ ਅਤੇ ਨਿਚੋੜ ਕੱਢਿਆ ਕਿ ਉਹ ਸਚਮੁਚ ''ਟੁੱਟੀਆਂ ਹੋਈਆਂ'' ਸਨ (2: 13)। ''ਉਸ ਦੇ ਮੁਆਇਨੇ ਨਾਲ ਹਨਾਨੀ ਦੀ ਗੱਲ ਦੀ ਤਸਦੀਕ ਹੋ ਗਈ ਕਿ ਯਰੂਸ਼ਲਮ ਦੀ ਹਾਲਤ ਮਾੜੀ ਸੀ [2: 17; ਵੇਖੋ 1: 3]।''[22]

### **ਲੋਕਾਂ ਲਈ ਆਪਣੀਆਂ ਯੋਜਨਾਵਾਂ ਦੀ ਨਹਮਯਾਹ ਦੀ ਪੇਸ਼ਕਸ਼** (2: 16-18)

**16ਅਤੇ ਰਈਸਾਂ ਨੂੰ ਪਤਾ ਨਾ ਲੱਗਾ ਕਿ ਮੈਂ ਕਿੱਥੇ ਗਿਆ ਅਤੇ ਕੀ ਕੀਤਾ ਅਤੇ ਮੈਂ ਉਸ ਵੇਲੇ ਤੱਕ ਯਹੂਦੀਆਂ ਨੂੰ, ਜਾਜਕਾਂ ਨੂੰ, ਸ਼ਰੀਫਾ ਨੂੰ, ਰਈਸਾਂ ਨੂੰ ਅਤੇ ਬਾਕੀਆਂ ਨੂੰ ਜਿਹੜੇ ਕੰਮ ਕਰਦੇ ਸਨ ਨਾ ਦੱਸਿਆ 17ਤਦ ਮੈਂ ਉਨ੍ਹਾਂ ਨੂੰ ਆਖਿਆ, ਤੁਸੀਂ ਉਸ ਦੁਰਦਸ਼ਾ ਨੂੰ ਵੇਖਦੇ ਹੋ ਜਿਹ ਦੇ ਵਿੱਚ ਅਸੀਂ ਹਾਂ ਕਿ ਯਰੂਸ਼ਲਮ ਉੱਜੜ ਗਿਆ ਹੈ ਅਤੇ ਉਹ ਦੇ ਫਾਟਕ ਅੱਗ ਨਾਲ ਸੜ ਗਏ ਹਨ। ਆਓ, ਅਸੀਂ ਯਰੂਸ਼ਲਮ ਦੀ ਕੰਧ ਬਣਾਈਏ ਭਈ ਅੱਗੇ ਨੂੰ ਅਸੀਂ ਬੋਲੀ ਵਿੱਚ ਨਾ ਆਈਏ 18ਤਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਪਰਮੇਸ਼ੁਰ ਦਾ ਹੱਥ ਕਿਸ ਤਰਾਂ ਮੇਰੇ ਉੱਤੇ ਨੇਕੀ ਲਈ ਸੀ ਅਤੇ ਪਾਤਸ਼ਾਹ ਦੀਆਂ ਗੱਲਾਂ ਜਿਹੜੀਆਂ ਉਸ ਮੈਨੂੰ ਆਖੀਆਂ ਸਨ, ਤਾਂ ਉਨ੍ਹਾਂ ਆਖਿਆ, ਆਓ, ਅਸੀਂ ਉਠੀਏ ਤੇ ਬਣਾਈਏ ਤਾਂ ਉਨ੍ਹਾਂ ਨੇ ਏਸ ਨੇਕ ਕੰਮ ਲਈ ਆਪਣੇ ਹੱਥਾਂ ਨੂੰ ਤਕੜਿਆਂ ਕੀਤਾ।**

**ਆਇਤਾਂ 16, 17.** ਇਹ ਸਾਫ਼ ਕਰਨ ਤੋਂ ਬਾਅਦ ਕਿ ਉਸ ਨੇ ਹੁਣ ਤਕ ਆਪਣੀਆਂ ਯੋਜਨਾਵਾਂ ਨੂੰ ਗੁਪਤ ਰੱਖਿਆ ਹੋਇਆ ਸੀ, ਨਹਮਯਾਹ ਨੇ ਕਿਹਾ ਕਿ ਉਸ ਨੇ ਸਭ ਲੋਕਾਂ ਨੂੰ ਇਕੱਠਿਆਂ ਕੀਤਾ ਅਤੇ ਆਪਣੇ ਮੁਆਇਨੇ ਦੇ ਨਤੀਜੇ ਦੱਸੇ। ਸੰਭਵ ਤੌਰ ਤੇ ਉਹਨੇ ਕੰਧਾਂ ਦੀ ਹਾਲਤ ਥੋੜ੍ਹਾ ਵਿਸਤਾਰ ਨਾਲ (ਲਿਖਿਆ ਨਹੀਂ ਗਿਆ) ਸਮਝਾਈ ਕਿ ਉਸ ਨੇ ਕੀ-ਕੀ ਵੇਖਿਆ। ਕੰਧਾਂ ਦੇ ਢਹਿਣ ਨਾਲ ਨਾ ਸਿਰਫ਼ ਯਹੂਦੀ ਲੋਕ ਆਪਣੇ ਦੁਸ਼ਮਣਾਂ ਦੇ ਹੋਣ ਵਾਲੇ ਹਮਲੇ ਲਈ ਅਸਾਨ ਸ਼ਿਕਾਰ ਬਣ ਗਏ ਸਨ ਬਲਕਿ ਇਸ ਨਾਲ ਉਨ੍ਹਾਂ ਦੀ **ਦੁਰਦਸ਼ਾ** ਵੀ ਹੋ ਗਈ ਸੀ। ਕਿਉਂ ਜੋ ਖ਼ੁਦਾ ਅਤੇ ਉਸ ਦੇ ਅਰੱਖਿਅਤ ਲੱਗਣ ਵਾਲੇ ਲੋਕ ਆਂਢ-ਗੁਆਂਢ ਦੀਆਂ ਕੌਮਾਂ ਦੇ ਮਜ਼ਾਕ ਦਾ ਕਾਰਣ ਅਸਾਨੀ ਨਾਲ ਬਣ ਗਏ ਸਨ। ਨਹਮਯਾਹ ਨੇ ਲੋਕਾਂ ਨੂੰ ਇਨ੍ਹਾਂ ਜੋਸ਼ੀਲੇ ਸ਼ਬਦਾਂ ਨਾਲ ਚੁਣੌਤੀ ਦਿੱਤੀ: **ਆਓ, ਅਸੀਂ ਯਰੂਸ਼ਲਮ ਦੀ ਕੰਧ ਬਣਾਈਏ।**

**ਆਇਤ 18.** ਫਿਰ ਨਹਮਯਾਹ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਸ ਕੰਮ ਲਈ **ਪਾਤਸ਼ਾਹ** ਦੀ ਮੰਜ਼ੂਰੀ ਅਤੇ **ਪਰਮੇਸ਼ੁਰ** ਦਾ ਅਸ਼ੀਰਵਾਦ ਹੈ! ਉਹ ਕਿਵੇਂ ਨਾਕਾਮ ਹੋ ਸਕਦੇ ਸਨ? ਉਹ ਕਾਇਲ ਕਰ ਸਕਦਾ ਸੀ ਅਤੇ ਲੋਕ ਉਸ ਨੂੰ ਮੰਨਦੇ ਸਨ। ਮਿਲ ਕੇ ਉਹ ਇਸ ਗੱਲ ਤੇ ਸਹਿਮਤ ਹੋ ਗਏ ਕਿ **ਆਓ ਅਸੀਂ ਉੱਠੀਏ ਤੇ ਬਣਾਏ**। ਸਾਫ਼ ਹੈ ਕਿ ਕੰਮ ਓਸੇ ਵੇਲੇ ਸ਼ੁਰੂ ਹੋ ਗਿਆ ਕਿਉਂ ਜੋ ਨਹਮਯਾਹ ਨੇ ਆਖਿਆ ਸੀ ਕਿ **ਉਨ੍ਹਾਂ ਨੇ ਏਸ ਨੇਕ ਕੰਮ ਲਈ ਆਪਣੇ ਹੱਥਾਂ ਨੂੰ ਤਕੜਿਆਂ ਕੀਤਾ**। ''ਕੰਮ'' ਇਬਰਾਨੀ

ਲਿਖਤ ਵਿਚ ਨਹੀਂ ਮਿਲਦਾ ਹੈ ਬਲਕਿ ਵਿਚਾਰ ਨੂੰ ਪੂਰਿਆਂ ਕਰਨ ਲਈ ਇਹ ਅਨੁਵਾਦਕਾਂ (NASB) ਵੱਲੋਂ ਦਿੱਤਾ ਗਿਆ ਸ਼ਬਦ ਹੈ। ਇਸ ਦੇ ਉਲਟ NRSV ਵਿਚ ''ਸਾਂਝੀ ਭਲਿਆਈ'' ਅਤੇ REB ਵਿਚ ''ਚੰਗਾ ਉਦੇਸ਼'' ਹੈ। ਯਰੂਸ਼ਲਮ ਵਿਚ ਯਹੂਦਾਹ ਦੀ ਭਲਿਆਈ ਲਈ ਲੋਕ ਬੜੇ ਜੋਸ਼ ਨਾਲ ਕੰਧਾਂ ਨੂੰ ਬਣਾਉਣ ਲਈ ਨਹਮਯਾਹ ਦੀ ਯੋਜਨਾ ਵਿਚ ਉਹਦੇ ਨਾਲ ਹੋ ਗਏ।

ਮਾਰਕ ਏ. ਥ੍ਰੌਂਟਵੇਟ ਨੇ ਲਿਖਿਆ ਹੈ ਕਿ ਨਹਮਯਾਹ ਦੇ ਪਹਿਲੇ ਦੋ ਅਧਿਆਇ ''ਬੁਰਿਆਈ (*ra'*, *ਰਾ*) ਦੇ ਉਲਟ ''ਭਲਿਆਈ'' (*tob*, *ਟੋਬ*) ਵਿਚ ਫ਼ਰਕ ਕਰਦੇ ਹਨ। ''ਦੁਰਦਸ਼ਾ'' (1:3), ''ਉਦਾਸ'' (2:1–3), ਅਤੇ ''ਦੁਰਦਸ਼ਾ'' (2:17) *ra'*, ਰਾ (ਜਾਂ ਇਸ ਦੇ ਕਿਸੇ ਸਜਾਤੀ ਸ਼ਬਦ) ਤੋਂ ਲਿਆ ਗਿਆ ਹੈ ਜਿਸ ਦਾ ਮੂਲ ਅਰਥ ''ਬੁਰਿਆਈ'' ਹੈ। ਦੂਜੇ ਪਾਸੇ ਟੋਬ ਸ਼ਬਦ ਦੇ ਸੂਖਮ ਭੇਦ ''ਪਾਤਸ਼ਾਹ ਦੇ ਦਰਬਾਰ ਵਿਚ ਚੰਗਾ ਲੱਗਾ'' (2:6), ''ਮੇਰੇ ਪਰਮੇਸ਼ੁਰ ਦਾ ਨੇਕ ਹੱਥ'' (2:8), ''ਨੇਕ ਕੰਮ'' (2:18) ਅਭਿਵਿਅਕਤੀਆਂ ਵਿਚ ਮਿਲਦੇ ਹਨ। ਇਸ ਕਸ਼ਮਕਸ਼ ਦਾ ਚਰਮ 2:10 ਵਿਚ ਪਹੁੰਚ ਜਾਂਦਾ ਹੈ ਜਦ ਸਨਬੱਲਟ ਅਤੇ ਟੋਬੀਯਾਹ ਨੇ ਇਹ ਸੁਣਿਆ ਕਿ ਕੋਈ ਇਸਰਾਏਲ ਦੀ ''ਭਲਿਆਈ'' (*tob*, *ਟੋਬ*) ਚਾਹ ਰਿਹਾ ਹੈ ਤਾਂ ਉਨ੍ਹਾਂ ਨੂੰ ਇਹ ਬਹੁਤ ''ਬੁਰਾ'' (*ra'*, *ਰਾ*) ਲੱਗਾ। ''ਇਸ ਤਰ੍ਹਾਂ ਨਾਲ ਭਲਿਆਈ ਅਤੇ ਬੁਰਿਆਈ ਵਿਚਕਾਰ ਕਸ਼ਮਕਸ਼ ਦੇ ਰੂਪ ਵਿਚ ਨਹਮਯਾਹ ਦੇ ਮਿਸ਼ਨ ਨੂੰ ਵਿਖਾਉਣ ਲਈ ਮੰਚ ਤਿਆਰ ਸੀ।''[23] ਯਹੂਦੀਆਂ ਲਈ ''ਭਲਿਆਈ'' ਅਤੇ ''ਬੁਰਿਆਈ'' ਵਿਚ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ। ਉਨ੍ਹਾਂ ਨੇ ਕੰਧਾਂ ਨੂੰ ਫੇਰ ਤੋਂ ਬਣਾਉਣ ਦੀ ਨਹਮਯਾਹ ਦੀ ਯੋਜਨਾ ਵਿਚ ਸਾਥ ਦੇਣ ਦਾ ਇਰਾਦਾ ਕਰਕੇ ''ਭਲਿਆਈ'' ਨੂੰ ਚੁਣਿਆ।

### ਵਿਰੋਧ ਸ਼ੁਰੂ ਹੁੰਦਾ ਹੈ (2:19, 20)

**19ਜਦ ਸਨਬੱਲਟ ਹੋਰੋਨੀ, ਟੋਬੀਯਾਹ ਅੰਮੋਨੀ ਟਹਿਲੂਏ ਅਤੇ ਅਰਬੀ ਗਸ਼ਮ ਨੇ ਸੁਣਿਆ ਤਾਂ ਉਨ੍ਹਾਂ ਨੇ ਸਾਡਾ ਮਖੌਲ ਉਡਾਇਆ ਅਤੇ ਸਾਡੀ ਨਿੰਦਿਆ ਕੀਤੀ ਅਤੇ ਆਖਿਆ, ਇਹ ਕੀ ਗੱਲ ਹੈ ਜਿਹੜੀ ਤੁਸੀਂ ਕਰਦੇ ਹੋ? ਕੀ ਤੁਸੀਂ ਪਾਤਸ਼ਾਹ ਤੋਂ ਆਕੀ ਹੋ ਜਾਓਗੇ? 20ਤਦ ਮੈਂ ਉਨ੍ਹਾਂ ਨੂੰ ਉੱਤਰ ਦੇ ਕੇ ਆਖਿਆ, ਅਕਾਸ਼ ਦਾ ਪਰਮੇਸ਼ੁਰ ਓਹੀ ਸਾਨੂੰ ਸੁਫਲ ਕਰੇਗਾ ਏਸ ਲਈ ਅਸੀਂ ਓਹ ਦੇ ਦਾਸ ਉੱਠਾਂਗੇ ਤੇ ਬਣਾਵਾਂਗੇ ਪਰ ਨਾ ਤੁਹਾਡਾ ਹਿੱਸਾ ਨਾ ਹੱਕ ਨਾ ਯਾਦਗਾਰ ਯਰੂਸ਼ਲਮ ਵਿੱਚ ਹੈ !**

ਕਿਤਾਬ ਦਾ ਮੁੱਖ ਵਿਸ਼ਾ ਅਧਿਆਇ 2 ਦੇ ਅਖ਼ੀਰ ਵਿਚ ਨਿੱਕਲਦਾ ਹੈ ਕਿ ਦੇਸ਼ ਦੇ ਲੋਕਾਂ ਨੇ ਯਹੂਦੀਆਂ ਨੂੰ ਸ਼ਹਿਰਪਨਾਹ ਨੂੰ ਬਣਾਉਣ ਤੋਂ ਰੋਕਣ ਲਈ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ।

**ਆਇਤ 19.** ਯਹੂਦੀਆਂ ਨੂੰ ਆਪਣਾ ਕੰਮ ਪੂਰਾ ਕਰਨ ਤੋਂ ਰੋਕਣ ਦੀ ਆਪਣੀ ਪਹਿਲੀ ਕੋਸ਼ਿਸ਼ ਵਿਚ **ਸਨਬੱਲਟ, ਟੋਬੀਯਾਹ ਅਤੇ ਗਸ਼ਮ** ਨੇ ਯਹੂਦੀਆਂ ਦੀਆਂ ਕੋਸ਼ਿਸ਼ਾਂ ਦਾ ਮਜ਼ਾਕ ਨਾਲ ਇਹ ਪੁੱਛਦਿਆਂ ਕੀਤਾ **ਮਖੌਲ ਉਡਾਇਆ** ਕਿ ਭਲਾ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਸ਼ਹਿਰ ਦੀ ਕਿਲ੍ਹਾਬੰਦੀ ਨਾਲ ਉਹ **ਪਾਤਸ਼ਾਹ ਤੋਂ ਆਕੀ** ਹੋ ਸਕਦੇ ਹਨ (ਵੇਖੋ 4:1–3)। ਇਹ ਇਲਜ਼ਾਮ ਭਾਵੇਂ ਮਜ਼ਾਕੀਆ ਲਹਿਜ਼ੇ ਵਿਚ ਸੀ ਅਤੇ ਦੁਸ਼ਮਣਾਂ ਦੀ ਯਹੂਦੀਆਂ ਤੋਂ ਨਫ਼ਰਤ ਕਰਕੇ ਸ਼ੁਰੂ ਹੋਇਆ ਸੀ, ਪਰ ਇਸ ਵਿਚ ਗੰਭੀਰ ਇਲਜ਼ਾਮ ਦਾ ਸੰਕੇਤ ਸੀ। ਜੇ ਯਹੂਦੀਆਂ ਨੇ ਫ਼ਾਰਸ ਦੇ ਖ਼ਿਲਾਫ਼ ਬਗ਼ਾਵਤ ਦਾ ਫ਼ੈਸਲਾ ਕੀਤਾ ਸੀ ਤਾਂ ਸ਼ਹਿਰ ਦੀ ਕਿਲ੍ਹਾਬੰਦੀ ਉਸ ਦਿਸ਼ਾ ਵਿਚ ਪਹਿਲਾ ਕਦਮ ਹੋਣਾ ਸੀ। ਇਸ ਤੋਂ ਇਲਾਵਾ ਇਸੇ ਤਰ੍ਹਾਂ ਦੇ ਇਲਜ਼ਾਮ ਕਰਕੇ ਪਹਿਲਾਂ ਅਰਤਹਸ਼ਸ਼ਤਾ ਨੇ ਯਹੂਦੀਆਂ ਨੂੰ ਕੰਧਾਂ ਨੂੰ ਬਣਾਉਣ ਤੋਂ ਰੋਕਿਆ ਸੀ (ਅਜ਼ਰਾ 4:12, 13, 19–23)।

**ਆਇਤ 20.** ਨਹਮਯਾਹ ਦਾ ਜਵਾਬ ਸਾਫ਼ ਅਤੇ ਪੂਰਾ ਸੀ। ਪਹਿਲਾਂ ਉਸ ਨੇ ਆਖਿਆ ਕਿ ਸੱਚੇ ਖ਼ੁਦਾ ਭਾਵ **ਅਕਾਸ਼ ਦੇ ਪਰਮੇਸ਼ੁਰ** ਨੇ ਉਨ੍ਹਾਂ ਦੇ ਕੰਮ ਵਿਚ ਕਾਮਯਾਬੀ ਦੇਣੀ ਸੀ। ਦੂਜਾ ਉਸ

ਨੇ ਆਖਿਆ ਕਿ ਇਨ੍ਹਾਂ ਦੁਸ਼ਮਣਾਂ ਨੂੰ ਯਹੂਦੀਆਂ ਦੇ ਕੰਮ ਵਿਚ ਜਿਹੜਾ ਉਨ੍ਹਾਂ ਫੜ੍ਹਿਆ ਸੀ, ਦਖਲ ਦੇਣ ਦਾ ਕੋਈ ਹੱਕ ਨਹੀਂ ਸੀ। ਉਨ੍ਹਾਂ ਦਾ **ਨਾ ਹਿੱਸਾ ਨਾ ਹੱਕ ਨਾ ਯਾਦਗਾਰ ਯਰੂਸ਼ਲਮ ਵਿੱਚ** ਸੀ। ਨਹਮਯਾਹ ਨੇ ਯਰੂਸ਼ਲਮ ਵਿਚ ਆਪਣੇ ਵਿਰੋਧੀਆਂ ਦੇ ਨਾਗਰਿਕ, ਕਾਨੂੰਨੀ ਅਤੇ ਧਾਰਮਿਕ ਹੱਕਾਂ ਨੂੰ ਨਕਾਰਿਆ।[24] ਉਹ ਇਹ ਕਹਿ ਰਿਹਾ ਲਗਦਾ ਹੈ, ''ਸਾਨੂੰ ਜੋ ਕਿ ਯਹੂਦੀ ਹਾਂ ਇਹ ਕੰਮ ਕਰਨ ਦੀ ਰਾਜੇ ਵੱਲੋਂ ਮੰਜ਼ੂਰੀ ਮਿਲੀ ਹੈ; ਯਹੂਦੀ ਲੋਕਾਂ ਨਾਲ ਤੁਹਾਡਾ ਕੋਈ ਹਿੱਸਾ ਨਹੀਂ ਹੈ। ਇਸ ਕਰਕੇ ਅਸੀਂ ਕੰਧਾਂ ਨੂੰ ਬਣਾ ਸਕਦੇ ਹਾਂ ਜਾਂ ਨਹੀਂ ਇਸ ਨਾਲ ਤੁਹਾਡਾ ਕੋਈ ਲੈਣ ਦੇਣ ਨਹੀਂ ਹੈ।''

## ਪ੍ਰਾਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪਃ ਜਨੂੰਨ (ਅਧਿਆਇ 2)**

ਇਕ ਚੰਗਾ ਲੀਡਰ ਜੋਸ਼ ਨਾਲ ਭਰਿਆ ਵਿਅਕਤੀ ਹੁੰਦਾ ਹੈ। ਕਾਬਲ ਲੀਡਰ ਆਪਣੇ ਮਕਸਦ ਦੀ ਪਰਵਾਹ ਕਰਦੇ ਹਨ। ਇਹ ਗੱਲ ਹਰ ਦਾਇਰੇ ਦੇ ਲੀਡਰਾਂ ਲਈ ਢੁਕਦੀ ਹੈ। ਸਿਆਸੀ ਲੀਡਰ ਆਪਣੀ ਪਾਰਟੀ ਅਤੇ ਆਪਣੇ ਉਮੀਦਵਾਰਾਂ ਲਈ ਜਨੂੰਨੀ ਹੋ ਸਕਦੇ ਹਨ। ਕਾਰੋਬਾਰ ਵਿਚ ਤਰੱਕੀ ਕਰਨ ਵਾਲੇ ਲੀਡਰ ਆਪਣੀਆਂ ਕੰਪਨੀਆਂ ਅਤੇ ਆਪਣੇ ਉਤਪਾਦ ਦੇ ਪ੍ਰਤੀ ਜਨੂੰਨੀ ਹੁੰਦੇ ਹਨ। ਸਫ਼ਲ ਖਿਡਾਰੀ ਲੀਡਰ ਆਪਣੀ ਖੇਡ ਅਤੇ ਆਪਣੀ ਟੀਮ ਦੀ ਜਿੱਤ ਦੇ ਪ੍ਰਤੀ ਜਨੂੰਨੀ ਹੁੰਦੇ ਹਨ![25]

ਨਹਮਯਾਹ ਨੇ ਖ਼ੁਦਾ ਦੀਆਂ ਉਨ੍ਹਾਂ ਗੱਲਾਂ ਪ੍ਰਤੀ ਜਨੂੰਨ ਵਿਖਾਇਆ ਜਦ ਉਸ ਨੂੰ ਆਪਣੇ ਭਰਾ ਹਨਾਨੀ ਤੋਂ ਇਹ ਖ਼ਬਰ ਮਿਲੀ ਕਿ ਬਚੇ ਹੋਏ ਲੋਕ ਦੁਰਦਸ਼ਾ ਵਿਚ ਹਨ ਅਤੇ ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ ਹਨ ਅਤੇ ਇਸ ਦੇ ਫਾਟਕ ਅੱਗ ਨਾਲ ਸੜ ਗਏ ਹਨ। ਉਸਦੀ ਪ੍ਰਤੀਕਿਰਿਆ ਫੌਰੀ, ਤਿੱਖੀ ਅਤੇ ਪੱਕੀ ਸੀ। ਉਹਨੇ ਚਾਰ ਮਹੀਨਿਆਂ ਤਕ ਸੋਗ ਕੀਤਾ ਅਤੇ ਦੁਆ ਕੀਤੀ।

ਭਲਾ ਨਹਮਯਾਹ ਐਨਾ ਪਰੇਸ਼ਾਨ ਕਿਉਂ ਹੋਇਆ? ਸੰਭਵ ਤੌਰ ਤੇ ਉਹ ਯਰੂਸ਼ਲਮ ਜਾਂ ਯਹੂਦਾਹ ਨਾਲ ਨਿੱਜੀ ਤੌਰ ਤੇ ਉਸ ਤੋਂ ਪਹਿਲਾਂ ਕਦੇ ਨਹੀਂ ਜੁੜਿਆ ਸੀ। ਯਹੂਦੀਆਂ ਦੇ ਬਾਬਲ ਵਿਚ ਦੇਸ਼ਨਿਕਾਲੇ ਨੂੰ ਤਕਰੀਬਨ 140 ਸਾਲ ਹੋ ਚੁੱਕੇ ਸਨ। ਬਹੁਤੀ ਸੰਭਾਵਨਾ ਇਹ ਹੈ ਕਿ ਨਹਮਯਾਹ ਦਾ ਜਨਮ ਅਸੀਰੀ ਵਿਚ ਹੋਇਆ ਅਤੇ ਉਹ ਯਹੂਦਾਹ ਵਿਚ ਕਦੇ ਨਹੀਂ ਗਿਆ। ਪ੍ਰਵਾਸੀਆਂ ਦੇ ਕਈ ਬੱਚੇ, ਦੋਹਤਿਆਂ ਪੋਤਿਆਂ, ਪੜਪੋਤਿਆਂ ਵਾਂਗ ਉਹ ਵੀ ਮਹਿਸੂਸ ਕਰ ਸਕਦਾ ਸੀ ਕਿ ਉਸ ਦੇ ਪੁਰਖਿਆਂ ਦੇ ਦੇਸ਼ ਨਾਲੋਂ ਉਨ੍ਹਾਂ ਦਾ ਨਾਤਾ ਟੁੱਟ ਗਿਆ ਸੀ। ਇਸ ਕਰਕੇ ਉਮੀਦ ਕੀਤੀ ਜਾ ਸਕਦੀ ਸੀ ਕਿ ਯਹੂਦਾਹ ਤੋਂ ਆਈ ਹੋਈ ਖ਼ਬਰ ਦਾ ਉਹਦੇ ਲਈ ਕਿੰਨਾ ਕੁ ਘੱਟ ਅਸਰ ਹੋਵੇਗਾ। ਇਸਦੇ ਉਲਟ ਉਹ ਹਾਲਾਤ ਬਾਰੇ ਸੁਣ ਕੇ ਬੇਹੱਦ ਪਰੇਸ਼ਾਨ ਹੋ ਗਿਆ।

ਫੇਰਃ ਕਿਉਂ? ਇਸ ਦਾ ਇੱਕੋ ਜਵਾਬ ਇਹ ਹੋਵੇਗਾ ਕਿ ਯਹੂਦਾਹ ਕੋਈ ਐਰਾ–ਗੈਰਾ ਦੇਸ਼ ਅਤੇ ਯਰੂਸ਼ਲਮ ਕੋਈ ਐਰਾ–ਗੈਰਾ ਸ਼ਹਿਰ ਨਹੀਂ ਸੀ। ਯਹੂਦਾਹ ਉਹ ਥਾਂ ਸੀ ਜਿਸ ਨੂੰ ਖ਼ੁਦਾ ਵੱਲੋਂ ਆਪਣੇ ਲੋਕਾਂ ਦੇ ਰਹਿਣ ਲਈ ਚੁਣਿਆ ਗਿਆ ਸੀ। ਇਕ ਅਰਥ ਵਿਚ ਇਹ ''ਪਵਿੱਤਰ ਅਸਥਾਨ'' ਸੀ (ਜ਼ਕਰਯਾਹ 2:12) ਅਤੇ ਯਰੂਸ਼ਲਮ ਉਹ ਥਾਂ ਸੀ ਜਿੱਥੇ ਖ਼ੁਦਾ ਦੀ ਹੈਕਲ ਸੀ, ਅਤੇ ਇਹ ''ਪਵਿੱਤਰ ਸ਼ਹਿਰ'' ਸੀ (11:1)। ਨਹਮਯਾਹ ਦੇ ਮਨ ਵਿਚ ਸਿਰਫ਼ ਆਪਣਾ ਪਰਿਵਾਰ, ਆਪਣੇ ਪਰਿਵਾਰ ਦੀ ਜਾਇਦਾਦ, ਆਪਣੇ ਵਢੇਰਿਆਂ ਦੀਆਂ ਕਬਰਾਂ (ਜਿਵੇਂ ਉਸ ਨੇ ਰਾਜੇ ਨੂੰ ਦੱਸਿਆ) ਜਾਂ ਆਪਣੇ ਵਢੇਰਿਆਂ ਦਾ ਦੇਸ਼ ਨਹੀਂ ਸੀ ਆ ਰਿਹਾ। ਇਸ ਦੇ ਉਲਟ ਉਸ ਨੇ ਖ਼ੁਦਾ ਦੇ ਲੋਕਾਂ, ਖ਼ੁਦਾ ਦੀ ਹੈਕਲ, ਖ਼ੁਦਾ ਦੇ ਸ਼ਹਿਰ ਅਤੇ ਖ਼ੁਦਾ ਦੇ ਦੇਸ਼ ਲਈ ਵਿਰਲਾਪ ਕੀਤਾ ਅਤੇ ਰੋਇਆ। ਯਹੋਵਾਹ ਦੇ ਪ੍ਰਤੀ ਜ਼ਿੰਮੇਵਾਰੀ ਦੀ ਉਸ ਦੀ ਭਾਵਨਾ ਨੇ ਉਸ ਨੂੰ ਯਰੂਸ਼ਲਮ ਦੀਆਂ ਕੰਧਾਂ ਨੂੰ ਬਣਾਉਣ ਵਿਚ ਯਹੂਦੀਆਂ ਦੀ ਅਗਵਾਈ ਲਈ ਪ੍ਰੇਰਿਆ।

ਬਾਅਦ ਵਿਚ ਨਹਮਯਾਹ ਨੇ ਵਿਵਸਥਾ ਨੂੰ ਲੋਕਾਂ ਦੇ ਸਾਹਮਣੇ ਪੜ੍ਹਵਾ ਕੇ, ਖ਼ੁਦਾ ਅਤੇ ਇਸਰਾਏਲ ਵਿਚਕਾਰ ਨੇਮ ਨੂੰ ਨਵਿਆਉਣ ਵਿਚ ਅਗਵਾਈ ਕਰਕੇ ਵਿਖਾਇਆ ਕਿ ਉਹਨੂੰ ਰੂਹਾਨੀ ਮਾਮਲਿਆਂ ਦੀ ਕਿੰਨੀ ਪਰਵਾਹ ਸੀ। ਇਸ ਤੋਂ ਇਲਾਵਾ ਉਸ ਨੇ ਸ਼ਰ੍ਹਾ ਨੂੰ ਲਾਗੂ ਕਰਵਾਉਣ ਲਈ ਕਦਮ ਚੁੱਕ ਕੇ ਅਤੇ ਇਸ ਨੂੰ ਤੋੜਨ ਵਾਲਿਆਂ ਨੂੰ ਤਾੜਨਾ ਦੇ ਕੇ ਖ਼ੁਦਾ ਦੇ ਨੇਮ ਲਈ ਆਪਣੇ ਪ੍ਰੇਮ ਨੂੰ ਵਿਖਾਇਆ।

ਨਹਮਯਾਹ ਆਪਣੇ ਲੋਕਾਂ ਲਈ ਖ਼ੁਦਾ ਵਾਲਾ ਲਗਾਅ ਰੱਖਣ ਵਾਲੇ ਬਾਈਬਲ ਵਿਚ ਦੱਸੇ ਲੀਡਰਾਂ ਵਿੱਚੋਂ ਨਾ ਤਾਂ ਪਹਿਲਾ ਸੀ ਅਤੇ ਨਾ ਆਖ਼ਰੀ। ਮੂਸਾ ਨੇ ਖ਼ੁਦਾ ਤੋਂ ਬਰਕਤਾਂ ਪਾਉਣ ਦੀ ਚਾਹ ਨੂੰ ''ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ'' ਨਾਲੋਂ ਵਧ ਕੇ ਜਾਣਿਆ (ਇਬਰਾਨੀਆਂ 11:24–26), ਅਤੇ ਉਹ ਇਸਰਾਏਲੀਆਂ ਦੀ ਅਗਵਾਈ ਕਰਨ ਵਿਚ ਐਨਾ ਜੋਸ਼ੀਲਾ ਸੀ ਕਿ ਇਕ ਮੌਕੇ ਤੇ ਉਸ ਨੇ ਖ਼ੁਦਾ ਨੂੰ ਉਨ੍ਹਾਂ ਨੂੰ ਖ਼ਤਮ ਕਰ ਦੇਣ ਤੋਂ ਰੋਣ ਲਈ ਉਨ੍ਹਾਂ ਦੀ ਸਿਫ਼ਾਰਸ਼ ਕੀਤੀ (ਕੂਚ 32:11–13)। ਫ਼ੀਨਹਾਸ ਖ਼ੁਦਾ ਦੀ ਸ਼ਰ੍ਹਾ ਦਾ ਉਲੰਘਣ ਨਿਰਲੱਜਤਾ ਨਾਲ ਕੀਤੇ ਜਾਣ ਅਤੇ ਖ਼ੁਦਾ ਦੇ ਤੰਬੂ ਦੀ ਬੇਅਦਬੀ ਤੋਂ ਐਨਾ ਗੁੱਸੇ ਵਿਚ ਆ ਗਿਆ ਕਿ ਉਸ ਨੇ ਇਸਰਾਏਲੀ ਡੇਰੇ ਦੇ ਅੰਦਰ ਵਿਭਚਾਰ ਕਰਨ ਵਾਲੇ ਮਰਦ ਅਤੇ ਤੀਵੀਂ ਦੋਹਾਂ ਨੂੰ ਮਾਰ ਸੁੱਟਿਆ (ਗਿਣਤੀ 25:6–8)। ਯਿਰਮਿਯਾਹ ਬਾਬਲ ਦੇ ਲੋਕਾਂ ਵੱਲੋਂ ਯਰੂਸ਼ਲਮ ਦੀ ਕੀਤੀ ਗਈ ਬਰਬਾਦੀ ਤੋਂ ਐਨਾ ਦੁਖੀ ਹੋਇਆ ਕਿ ਉਸ ਨੇ ਵਿਰਲਾਪ ਨਾਮਕ ਕਿਤਾਬ ਲਿਖ ਦਿੱਤੀ। ਆਮੋਸ ਵੀ ਉਸ ਨੂੰ ਯਹੋਵਾਹ ਵੱਲੋਂ ਇਸਰਾਏਲ ਦੀ ਬਰਬਾਦੀ ਇਕ ਦਰਸ਼ਣ ਵਿਚ ਵਿਖਾਏ ਜਾਣ ਤੇ ਐਨਾ ਦੁਖੀ ਹੋਇਆ ਕਿ ਉਹ ਪੁਕਾਰ ਉੱਠਿਆ: ''ਹੇ ਪ੍ਰਭੂ ਯਹੋਵਾਹ, ਖਿਮਾ ਕਰਨਾ'' (ਆਮੋਸ 7:2)। ਯੂਨਾਹ ਦੀ ਕਿਤਾਬ ਯਹੂਦੀਆਂ ਨੂੰ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਦੀ ਰੂਹਾਨੀ ਭਲਿਆਈ ਵਿਚ ਦਿਲਚਸਪੀ ਦੀ ਘਾਟ ਕਰਕੇ ਝਿੜਕਣ ਲਈ ਲਿਖੀ ਗਈ। ਰਸੂਲ ਪੌਲੁਸ ਨੇ ਖ਼ੁਦਾ ਦੀ ਇੱਛਾ ਦੇ ਪ੍ਰਤੀ ਆਪਣੇ ਸਮਰਪਣ ਨੂੰ ਇਸ ਗੱਲ ਵਿਚ ਵਿਖਾਇਆ ਕਿ ਜਦ ਉਸ ਨੂੰ ਪਤਾ ਲੱਗਾ ਕਿ ਉਸ ਨੂੰ ਯਰੂਸ਼ਲਮ ਵਿਚ ਕੈਦੀ ਬਣਾ ਕੇ ਲਿਜਾਇਆ ਜਾਣ ਵਾਲਾ ਹੈ, ਤਾਂ ਉਸ ਨੇ ਆਖਿਆ,

> ਪਵਿੱਤਰ ਆਤਮਾ ਹਰੇਕ ਨਗਰ ਵਿਚ ਮੈਨੂੰ ਇਹ ਕਹਿ ਕੇ ਸਾਖੀ ਦਿੰਦਾ ਹੈ ਜੋ ਬੰਧਨ ਅਤੇ ਬਿਪਤਾ ਤੇਰੇ ਲਈ ਤਿਆਰ ਹਨ। ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰ੍ਹਾਂ ਪਿਆਰੀ ਨਹੀਂ ਸਮਝਦਾ ਹਾਂ ਤਾਂ ਜੋ ਮੈਂ ਆਪਣੀ ਦੌੜ ਨੂੰ ਅਤੇ ਉਸ ਟਹਿਲ ਨੂੰ ਪੂਰੀ ਕਰਾਂ ਜਿਹੜੀ ਮੈਂ ਪਰਮੇਸ਼ੁਰ ਦੀ ਕਿਰਪਾ ਦੀ ਖੁਸ਼ ਖਬਰੀ ਉੱਤੇ ਸਾਖੀ ਹੋਣ ਲਈ ਪ੍ਰਭੂ ਯਿਸੂ ਤੋਂ ਪਾਈ ਸੀ (ਕਰਤੱਬ 20:23, 24)।

ਥੋੜ੍ਹੀ ਦੇਰ ਬਾਅਦ ਉਸ ਨੇ ਫੇਰ ਆਖਿਆ, ''ਮੈਂ ਪ੍ਰਭੂ ਯਿਸੂ ਦੇ ਨਾਮ ਦੇ ਬਦਲੇ ਯਰੂਸ਼ਲਮ ਵਿਚ ਨਿਰਾ ਬੰਨ੍ਹੇ ਜਾਣ ਨੂੰ ਹੀ ਨਹੀਂ ਸਗੋਂ ਮਰਨ ਨੂੰ ਵੀ ਤਿਆਰ ਹਾਂ'' (ਕਰਤੱਬ 21:13)।

ਬੇਸ਼ੱਕ ਉਸ ਲਗਾਅ ਨੂੰ ਜਿਹੜਾ ਖ਼ੁਦਾ ਦੇ ਲੋਕਾਂ ਵੱਲੋਂ ਦੂਜਿਆਂ ਦੀਆਂ ਜਾਨਾਂ ਲਈ ਵਿਖਾਇਆ ਗਿਆ ਹੈ, ਉਸ ਪਿਆਰ ਨਾਲ ਨਹੀਂ ਮਿਲਾਇਆ ਜਾ ਸਕਦਾ ਜਿਸ ਕਰਕੇ ਖ਼ੁਦਾ ਨੂੰ ਮਨੁੱਖ ਜਾਤੀ ਨੂੰ ਬਚਾਉਣ ਲਈ ਆਪਣੇ ਪੁੱਤਰ ਨੂੰ ਘੱਲਣਾ ਪਿਆ (ਯੂਹੰਨਾ 3:16, 17)। ਯਿਸੂ ਪਾਪੀਆਂ ਲਈ ਮਰਿਆ (ਰੋਮੀਆਂ 5:6–9), ਭਾਵੇਂ ਉਹਦਾ ਸੰਦੇਸ਼ ਸੁਣਨ ਵਾਲਿਆਂ ਵਿੱਚੋਂ ਬਹੁਤਿਆਂ ਨੇ ਉਸ ਨੂੰ ਨਕਾਰ ਦਿੱਤਾ। ਉਹ ਯਰੂਸ਼ਲਮ ਉੱਤੇ ਭਾਵ ਉਸ ਸ਼ਹਿਰ ਉੱਤੇ ਰੋਇਆ ਜਿੱਥੇ ਛੇਤੀ ਹੀ ਉਸ ਨੂੰ ਸਲੀਬ ਦਿੱਤਾ ਜਾਣਾ ਸੀ (ਮੱਤੀ 23:37, 38)।

ਮਸੀਹੀ ਆਗੂਆਂ ਵਿਚ ਉਹ ਜਨੂੰਨ ਹੋਣਾ ਜ਼ਰੂਰੀ ਹੈ ਜਿਹੜਾ ਨਹਮਯਾਹ ਨੇ ਆਪਣੇ ਅੰਦਰ ਵਿਖਾਇਆ ਸੀ। ਜੇ ਯਿਸੂ ਆਪਣੇ ਚੇਲਿਆਂ ਤੋਂ ਪਰਮੇਸ਼ੁਰ ਦੇ ਰਾਜ ਨੂੰ ਪਹਿਲ ਦੇਣ ਦੀ ਉਮੀਦ ਕਰਦਾ ਹੈ (ਮੱਤੀ 6:33), ਤਾਂ ਅੱਜ ਉਸ ਦੇ ਲੋਕਾਂ ਦੀ ਅਗਵਾਈ ਕਰਨ ਵਾਲਿਆਂ ਨੂੰ ਯਕੀਨੀ ਤੌਰ ਤੇ ਉਹਦੇ ਇਸ ਕਾਰਜ ਲਈ ਸਮਰਪਤ ਹੋਣਾ ਜ਼ਰੂਰੀ ਹੈ।

ਸਥਾਨਕ ਕਲੀਸੀਆਵਾਂ ਲਈ ਖ਼ੁਦਾ ਦੇ ਠਹਿਰਾਏ ਹੋਏ ਆਗੂ ਐਲਡਰ ਹਨ, ਜਿਨ੍ਹਾਂ ਨੂੰ ''ਪਾਸਟਰ ਜਾਂ ਪਾਸਬਾਨ'' ਵੀ ਕਿਹਾ ਜਾਂਦਾ ਹੈ, ਇਹ ਇਕ ਅਜਿਹਾ ਸ਼ਬਦ ਹੈ ਜਿਸ ਦਾ ਅਰਥ ''ਚਰਵਾਹੇ'' ਹੈ (ਕਰਤੱਬ 20:17, 28; ਅਫ਼ਸੀਆਂ 4:11)। ਐਲਡਰ ਖ਼ੁਦਾ ਦੇ ਇੱਜੜ ਦੇ ਚਰਵਾਹੇ ਜਾਂ ਆਜੜੀ ਹਨ। ਇਸ ਕਰਕੇ ਉਨ੍ਹਾਂ ਲਈ ਹਰ ਮੈਂਬਰ ਦੀ ਚੌਕਸੀ ''ਚੰਗੇ ਚਰਵਾਹੇ'' ਵਾਂਗ ਜਿਹਦੇ ਲਈ ਯਿਸੂ ਨੇ ਆਖਿਆ ਕਿ ਉਹ ਭੇਡਾਂ ਦੀ ਰਖਵਾਲੀ ਕਰਦਾ ਹੈ (ਯੂਹੰਨਾ 10:11, 14), ਕਰਨੀ ਜ਼ਰੂਰੀ ਹੈ। ਉਹ ਉਨ੍ਹਾਂ ਦੁਸ਼ਟ ਚਰਵਾਹਿਆਂ ਵਰਗੇ ਨਾ ਹੋਣ ਜਿਨ੍ਹਾਂ ਦਾ ਵਰਣਨ ਹਿਜ਼ਕੀਏਲ ਨੇ ਕੀਤਾ (ਹਿਜ਼ਕੀਏਲ 34:1–31)। ਖ਼ੁਦਾ ਦੇ ਇੱਜੜ ਲਈ ਐਲਡਰਾਂ ਦਾ ਪਿਆਰ ਉਨ੍ਹਾਂ ਨੂੰ ਇੱਜੜ ''ਉੱਤੇ ਮਾਲਕੀ *[ਭਾਵ ਆਪਣਾ ਇਖ਼ਤਿਆਰ]*'' ਜਤਾਉਣ ਤੋਂ ਰੋਕਦਾ ਹੋਣਾ ਚਾਹੀਦਾ ਹੈ ਅਤੇ ਇਹਦੇ ਉਲਟ ਉਨ੍ਹਾਂ ਲਈ ਨਮੂਨਾ ਬਣ ਕੇ ਸੇਵਾ ਕਰਦੇ ਹੋਏ ਅਗਵਾਈ ਕਰਨ ਵਾਲੇ ਹੋਣਾ ਜ਼ਰੂਰੀ ਹੈ (1 ਪਤਰਸ 5:1–4)। ਅਜਿਹੇ ਚਰਵਾਹੇ ਬਣਨ ਲਈ ਜਿਹੜੇ ਖ਼ੁਦਾ ਚਾਹੁੰਦਾ ਹੈ ਕਿ ਉਹ ਬਣਨ ਉਨ੍ਹਾਂ ਲਈ ਖ਼ੁਦਾ ਅਤੇ ਉਸ ਦੀ ਕਲੀਸੀਆ ਦੀ ਸਚਮੁਚ ਵਿਚ ਪਰਵਾਹ ਕਰਨਾ ਜ਼ਰੂਰੀ ਹੈ!

ਇਕ ਸਵਾਲ ਜਿਹੜਾ ਮਸੀਹੀ ਲੀਡਰ ਆਪਣੇ ਆਪ ਤੋਂ ਪੁੱਛ ਸਕਦੇ ਹਨ, ਇਹ ਹੈ ਕਿ ''ਭਲਾ ਮੈਂ ਪਰਵਾਹ ਕਰਦਾ ਹਾਂ?'' ਨਹਮਯਾਹ ਇਹ ਸੁਣ ਕੇ ਕਿ ''ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ'' ਸਨ, ਸਚਮੁਚ ਵਿਚ ਪਰੇਸ਼ਾਨ ਹੋ ਗਿਆ (2:13)। ਭਲਾ ਅਸੀਂ ਆਪਣੇ ਪ੍ਰਭੂ ਦੀ ਕਲੀਸੀਆ ਦੀਆਂ ''ਕੰਧਾਂ'' ਦੇ ''ਢੱਠੇ ਹੋਣ'' ਤੇਂ ਚਿੰਤਤ ਹੁੰਦੇ ਹਾਂ। ਭਲਾ ਦੁਨੀਆਂ ਦੀ ਨਜ਼ਰ ਵਿਚ ''ਪ੍ਰਭੂ ਦੀ ਕਲੀਸੀਆ ਦੀ ਦੁਰਦਸ਼ਾ'' (2:17) ਵੇਖ ਕੇ ਪਰੇਸ਼ਾਨ ਹੁੰਦੇ ਹਾਂ? ਭਲਾ ਅਸੀਂ ਕਲੀਸੀਆ ਦੇ ਵਧਣ ਦੀ ਬਜਾਇ ਘਟਣ ਤੇ ਦੁਖੀ ਹੁੰਦੇ ਹਾਂ? ਭਲਾ ਕਲੀਸੀਆ ਦੇ ਲੋਕਾਂ ਦੇ ਪਿੱਛੇ ਹਟ ਜਾਣ ਜਾਂ ਨੀਮ ਗਰਮ ਹੋਣ ਤੇ ਅਸੀਂ ਪਰੇਸ਼ਾਨ ਹੁੰਦੇ ਹਾਂ? ਭਲਾ ਭਾਈਆਂ ਦੇ ਝੂਠੀ ਸਿੱਖਿਆ ਨਾਲ ਗੁਮਰਾਹ ਹੋਣ ਦੇ ਖ਼ਤਰੇ ਵਿਚ ਹੋਣ ਜਾਂ ਸਮਾਜ ਵਿਚ ਕਿਸੇ ਨੂੰ ਮਸੀਹ ਬਾਰੇ ਨਾ ਦੱਸੇ ਜਾਣ ਤੇ ਅਸੀਂ ਪਰੇਸ਼ਾਨ ਹੁੰਦੇ ਹਾਂ? ਭਲਾ ਅਸੀਂ ਪਰਵਾਹ ਕਰਦੇ ਹਾਂ?

ਕਲੀਸੀਆ ਦੀਆਂ ਮੁਸ਼ਕਿਲਾਂ ਦੇ ਹੱਲ ਅਤੇ ਕਲੀਸੀਆ ਦੀ ਤਰੱਕੀ ਲਈ ਦਲੇਰੀ ਦੇਣ ਦਾ ਪਹਿਲਾ ਕਦਮ ਇਹ ਹੈ ਕਿ ਕਿਸੇ ਨੂੰ ਪਰਵਾਹ ਹੋਵੇ! ਖ਼ੁਦਾ ਦੇ ਕੰਮ ਨੂੰ ਕਰਨ ਵਾਲਾ ਮਨ ਗਿਣਤੀ ਅਤੇ ਯੋਗਤਾ ਵਿਚ ਕਮੀ ਨੂੰ ਦੂਰ ਕਰਨ ਲਈ ਬਹੁਤ ਅੱਗੇ ਨਿੱਕਲ ਸਕਦਾ ਹੈ। ਦਸ ਤੋੜਿਆਂ ਵਾਲੇ ਲੋਕਾਂ ਨਾਲੋਂ ਜਿਨ੍ਹਾਂ ਦੇ ਅੰਦਰ ਕੋਈ ਜਨੂੰਨ ਨਹੀਂ ਹੈ, ਇੱਕ ਤੋੜੇ ਵਾਲਾ ਵਿਅਕਤੀ ਜਿਹਦੇ ਅੰਦਰ ਜਨੂੰਨ ਹੈ, ਪ੍ਰਭੂ ਦੀ ਕਲੀਸੀਆ ਵਿਚ ਬਹੁਤੀ ਜਾਨ ਪਾ ਸਕਦਾ ਹੈ!

*ਸਾਰ।* ਸਫ਼ਲਤਾ ਨਾਲ ਅਗਵਾਈ ਕਰਨ ਦੀ ਚਾਹ ਰੱਖਣ ਵਾਲੇ ਵਿਅਕਤੀ ਲਈ ਉਸ ਕੰਮ ਲਈ ਜਿਹੜਾ ਉਸ ਨੇ ਕਬੂਲਿਆ ਹੈ, ਦਿਲੋਂ ਅਤੇ ਜਨੂੰਨੀ ਹੋ ਕੇ ਅਗਵਾਈ ਕਰਨਾ ਜ਼ਰੂਰੀ ਹੈ। ਕਲੀਸੀਆ ਵਿਚ ਬਿਨਾਂ ਜਜ਼ਬਾਤ ਦੇ ਕੀਤੀ ਗਈ ਕੋਈ ਹਰਕਤ ਕੋਈ ਸਮਰਪਣ ਨਹੀਂ ਲਿਆਵੇਗੀ। ਇੱਜੜ ਲਈ ਪਿਆਰ ਦੇ ਬਗ਼ੈਰ ਲੀਡਰਸ਼ਿਪ ਲਈ ਜ਼ਰੂਰੀ ਕੰਮ ਕਰਨ ਨਾਲ ਕਲੀਸੀਆ ਨੂੰ ਪ੍ਰਭੂ ਦੇ ਸਮਰਪਿਤ ਹੋਣ ਲਈ ਪ੍ਰੇਰਿਆ ਨਹੀਂ ਜਾਵੇਗਾ। ਚੰਗੀ ਲੀਡਰਸ਼ਿਪ ਤੋਂ ਮੈਂਬਰਾਂ ਨੂੰ ਆਪਣੇ ਆਪ ਨੂੰ ਖ਼ੁਦਾ ਅਤੇ ਉਸ ਦੇ ਕੰਮ ਲਈ ਸਮਰਪਿਤ ਕਰ ਦੇਣ ਵਿਚ ਅਗਵਾਈ ਕਰਨ ਦੀ ਹੀ ਉਮੀਦ ਕੀਤੀ ਜਾਂਦੀ ਹੈ।

### ਜੇ ਤੁਸੀਂ ਉਦਾਸ ਹੋਵੋ ਤਾਂ ਭਲਾ ਲੋਕ ਧਿਆਨ ਦੇਣਗੇ ? (2:1, 2)

ਨਹਮਯਾਹ 2:1, 2 ਵਿਚ ਅਸੀਂ ਪੜ੍ਹਦੇ ਹਾਂ,

> ਤਾਂ ਐਉਂ ਹੋਇਆ ਕਿ ਅਰਤਹਸ਼ਸ਼ਤਾ ਪਾਤਸ਼ਾਹ ਦੇ ਵੀਹਵੇਂ ਵਰ੍ਹੇ ਨੀਸਾਨ ਦੇ ਮਹੀਨੇ ਵਿੱਚ ਮੈਂ ਉਹ ਦੇ ਸਾਹਮਣੇ ਸੀ ਤਾਂ ਮੈ ਚੁੱਕ ਕੇ ਮੈਂ ਪਾਤਸ਼ਾਹ ਨੂੰ ਦਿੱਤੀ ਪਰ ਮੈਂ ਉਸਦੇ ਹਜ਼ੂਰ ਪਹਿਲਾਂ ਕਦੀ ਉਦਾਸ ਨਹੀਂ ਸਾਂ ਹੋਇਆ ਤਦ ਪਾਤਸ਼ਾਹ ਨੇ ਮੈਨੂੰ ਆਖਿਆ, ਤੇਰਾ ਮੂੰਹ ਕਿਉਂ ਉਦਾਸ

ਹੈ? ਤੂੰ ਬਿਮਾਰ ਨਹੀਂ ਦਿਸਦਾ, ਏਹ ਤੇਰੇ ਦਿਲ ਦੀ ਉਦਾਸੀ ਬਿਨਾ ਹੋਰ ਕੁਝ ਨਹੀ। ਤਾਂ ਮੈਂ ਬਹੁਤ ਹੀ ਡਰ ਗਿਐ।

''ਪਾਤਸ਼ਾਹ ਦਾ ਸਾਕੀ'' (1:11) ਦੇ ਰੂਪ ਵਿਚ ਨਹਮਯਾਹ ਦੇ ਕੰਮ ਲਈ ਜ਼ਰੂਰੀ ਸੀ ਕਿ ਆਪਣੇ ਚਿਹਰੇ ਤੇ ਉਦਾਸੀ ਨਾ ਆਉਣ ਦਵੇ। ਅੱਜ ਦੇ ਦਿਨ ਤਕ ਉਹ ਇਸੇ ਦੇ ਮੁਤਾਬਕ ਕੰਮ ਕਰ ਰਿਹਾ ਸੀ, ਜਦ ਉਸ ਦੇ ਚਿਹਰੇ ਤੇ ਉਦਾਸੀ ਛਾਈ ਹੋਈ ਸੀ, ਜੋ ਕਿ ਯਰੂਸ਼ਲਮ ਦੀਆਂ ਕੰਧਾਂ ਦੇ ਢੱਠੇ ਹੋਣ ਕਰਕੇ ਸੀ। ਅੱਗੇ ਹੋਈ ਗੱਲਬਾਤ ਵਿਚ ਫ਼ਾਰਸ ਦੇ ਰਾਜੇ ਨੇ ਉਸ ਨੂੰ ਯਰੂਸ਼ਲਮ ਜਾ ਕੇ ਇਸ ਦੀਆਂ ਕੰਧਾਂ ਨੂੰ ਬਣਾਉਣ ਦੀ ਇਜਾਜ਼ਤ ਦੇ ਦਿੱਤੀ।

ਸਾਫ਼ ਹੈ ਕਿ ਨਹਮਯਾਹ ਰਾਜੇ ਦੀ ਸੇਵਾ ''ਉਸ ਦੇ ਹਜ਼ੂਰ ਉਦਾਸ'' ਹੋਏ ਬਗ਼ੈਰ ਕਈ ਸਾਲਾਂ ਤੋਂ ਕਰ ਰਿਹਾ ਸੀ (2:1)। ਕਿੰਨੀ ਵਾਰ ਦੂਸਰੇ ਲੋਕ ਸਾਨੂੰ ਉਦਾਸ ਵੇਖਦੇ ਹਨ?

ਬੇਸ਼ੱਕ ਦੁਖੀ ਹੋਣ ਦਾ ਕਾਰਣ ਹੋਣ ਤੇ ਉਦਾਸ ਹੋਣ (ਜਾਂ ਉਦਾਸ ਦਿਸਣ) ਵਿਚ ਕੋਈ ਬੁਰਿਆਈ ਨਹੀਂ ਹੈ। ਸਾਨੂੰ ਮਸੀਹ ਵਿਚ ਆਪਣੇ ਭਾਰਾਵਾਂ ਅਤੇ ਭੈਣਾਂ ਨਾਲ ਆਪਣਾ ਦੁੱਖ ਅਤੇ ਤਕਲੀਫ਼ ਵੰਡਣ ਲਈ ਤਿਆਰ ਰਹਿਣਾ ਚਾਹੀਦਾ ਹੈ। ਗਲਾਤੀਆਂ 6:2 ਆਖਦਾ ਹੈ, ''ਤੁਸੀਂ ਇਕ ਦੂਏ ਦੇ ਭਾਰ ਚੁੱਕ ਲਵੋ ਅਤੇ ਇਵੇਂ ਮਸੀਹ ਦੀ ਸਰ੍ਹਾ ਨੂੰ ਪੂਰਿਆਂ ਕਰੋ।''

ਪਰ ਜੇ ਕਿਸੇ ਮਸੀਹੀ ਦਾ ਚਿਹਰਾ ਲਟਕਿਆ ਹੀ ਰਹਿੰਦਾ ਹੈ, ਤਾਂ ਮਸੀਹ ਦੀ ਇੰਜੀਲ ਨੂੰ ਉਸ ਦੇ ਸਮਝਣ ਵਿਚ ਕੁਝ ਤਾਂ ਗਲਤ ਹੈ। ਨਵੇਂ ਨੇਮ ਦਾ ਸੰਦੇਸ਼ ਹੈ ''ਪ੍ਰਭੂ ਵਿਚ ਸਦਾ ਅਨੰਦ ਕਰੋ'' (ਫ਼ਿਲਿੱਪੀਆਂ 4:4)। ਪਰਮੇਸ਼ੁਰ ਦੇ ਉਸ ਬਾਲਕ ਨੇ ਜਿਹੜਾ ਦੁਖੀ ਹੀ ਰਹਿੰਦਾ ਹੈ, ਹਾਲ ਹੀ ਵਿਚ ਆਪਣੀਆਂ ਬਰਕਤਾਂ ਨੂੰ ਗਿਣਿਆ ਨਹੀਂ ਹੈ।

ਭਲਾ ਕਿਸੇ ਦਿਨ ਕੰਮ ਤੇ ਜਾਂ ਬੰਦਗੀ ਵਿਚ ਤੁਹਾਡੇ ਉੱਤਰੇ ਹੋਏ ਚਿਹਰੇ ਨੂੰ ਵੇਖ ਕੇ ਲੋਕ ਤੁਹਾਡੇ ਵੱਲ ਨਹੀਂ ਵੇਖਣਗੇ? ਭਲਾ ਇਹ ਤੁਹਾਡੇ ਆਮ ਵਤੀਰੇ ਨਾਲੋਂ ਫ਼ਰਕ ਹੋਵੇਗਾ? ਕਈ ਮਸੀਹੀ ਹਮੇਸ਼ਾ ਹੀ ਇਵੇਂ ਨਜ਼ਰ ਆਉਂਦੇ ਹਨ ਜਿਵੇਂ ਹੁਣੇ ਹੁਣੇ ਉਨ੍ਹਾਂ ਦਾ ਕੋਈ ਬਹੁਤ ਵਧੀਆ ਦੋਸਤ ਮਰਿਆ ਹੋਵੇ। ਉਹ ਉਸ ਛੋਟੇ ਕੱਦ ਦੀ ਬਜ਼ੁਰਗ ਔਰਤ ਵਰਗੇ ਹਨ ਜਿਹਦੇ ਘਰ ਇਕ ਗਾਇਕ ਮੰਡਲੀ ਗਈ। ਇਹ ਪੁੱਛਣ ਤੇ ਕਿ ਉਹ ਗਾਇਕ ਮੰਡਲੀ ਤੋਂ ਕੀ ਗਵਾਉਣਾ ਚਾਹੁੰਦੀ ਸੀ, ਉਸ ਨੇ ਜਵਾਬ ਦਿੱਤਾ, ''ਦੁਖੀ ਜਿਹਾ ਕੋਈ ਗੀਤ ਹੈ ਤਾਂ, ਗਾ ਦਿਓ।''

ਅਸੀਂ ਉਸ ਵਰਗੇ ਨਾ ਬਣੀਏ। ਆਮ ਤੌਰ ਤੇ ਅਸੀਂ ਹੱਸਮੁੱਖ ਰਹੀਏ। ਸਾਡੇ ਕੋਲ ਹੱਸਣ ਦਾ ਬਹੁਤ ਵੱਡਾ ਕਾਰਣ ਹੈ, ਕਿਉਂਕਿ ਖ਼ੁਦਾ ਸਾਨੂੰ ਪਿਆਰ ਕਰਦਾ ਹੈ!

### ਕੰਮ ਕਰਨ ਦਾ ਸੱਦਾ (2:18)

ਨਹਮਯਾਹ ਦੇ ਯਹੂਦੀਆਂ ਨੂੰ ਇਹ ਆਖਦਿਆਂ ਕਿ ''ਆਓ ਅਸੀਂ ਯਰੂਸ਼ਲਮ ਦੀ ਕੰਧ ਬਣਾਈਏ ਭਈ ਅੱਗੇ ਤੋਂ ਅਸੀਂ ਬੋਲੀ ਵਿਚ ਨਾ ਆਈਏ,'' ਚੁਣੌਤੀ ਦਿੱਤੇ ਜਾਣ ਤੇ ਉਨ੍ਹਾਂ ਨੇ ਜਵਾਬ ਦਿੱਤਾ, ''ਆਓ ਉੱਠੀਏ ਤੇ ਬਣਾਈਏ।'' ਫਿਰ ਅਸੀਂ ਪੜ੍ਹਦੇ ਹਾਂ ਕਿ ''ਉਨ੍ਹਾਂ ਨੇ ਇਸ ਨੇਕ ਕੰਮ ਲਈ ਆਪਣੇ ਹੱਥਾਂ ਨੂੰ ਤਕੜਿਆਂ ਕੀਤਾ'' (2:17, 18)।

''ਆਓ, ਅਸੀਂ ਉੱਠੀਏ ਤੇ ਬਣਾਈਏ'' ਦਾ ਸੱਦੇ ''ਬਣਾਉਣ'' ਤੇ ਉਪਦੇਸ਼ ਦੇਣ ਲਈ ਵਧੀਆ ਵਚਨ ਹੈ। 1960 ਦੇ ਦਹਾਕੇ ਵਿਚ ਮੈਂ ਉੱਤਰ ਪੂਰਵੀ ਓਕਲਾਹੋਮਾ ਦੀ ਕਲੀਸੀਆ ਲਈ ਪ੍ਰਚਾਰ ਕਰਦਾ ਹੁੰਦਾ ਸਾਂ। ਜਿਸ ਭਵਨ ਵਿਚ ਕਲੀਸੀਆ ਦੇ ਲੋਕ ਇਕੱਠਾ ਹੁੰਦੇ ਸਨ, ਉਹ ਇਕ ਸੌ ਤੋਂ ਵੱਧ ਸਾਲ ਪਹਿਲਾਂ ਬਣਾਇਆ ਗਿਆ ਸੀ। ਸਾਡੇ ਇੱਥੇ ਪਹੁੰਚਣ ਤੋਂ ਪੰਜਾਹ ਕੁ ਸਾਲ ਪਹਿਲਾਂ ਮੰਡਲੀ ਨੇ ਖ਼ਰੀਦ ਕੇ ਇਸ ਨਵੀਂ ਥਾਂ ਵਿਚ ਬੰਦਗੀ ਸ਼ੁਰੂ ਕੀਤੀ ਸੀ। ਇਹ ਭਵਨ ਬਹੁਤ ਚੰਗੀ ਹਾਲਤ ਵਿਚ ਨਹੀਂ

ਸੀ ਅਤੇ ਮੰਡਲੀ ਲਈ ਬਹੁਤ ਛੋਟਾ ਸੀ। ਪ੍ਰਚਾਰਕ ਦੇ ਤੌਰ ਤੇ ਮੇਰੇ ਪਹਿਲੀ ਵਾਰ ਕੰਮ ਕਰਨ ਤੇ, ਮੈਨੂੰ ਇਹ ਯਕੀਨ ਸੀ ਕਿ ਮੰਡਲੀ ਛੇਤੀ ਹੀ ਇਕ ਨਵੀਂ ਇਮਾਰਤ ਬਣਾ ਲਵੇਗੀ। ਇਕ ਸਾਲ ਬੀਤ ਗਿਆ, ਉਸ ਤੋਂ ਅਗਲਾ ਸਾਲ ਬੀਤ ਗਿਆ ਪਰ ਕੋਈ ਨਵੀਂ ਬਿਲਡਿੰਗ ਸ਼ੁਰੂ ਨਹੀਂ ਹੋਈ। ਤਿੰਨ ਕੁ ਸਾਲਾਂ ਬਾਅਦ ਮੈਂ ਨਹਮਯਾਹ 2:18 ਦੇ ਹਵਾਲੇ ਦੀ ਵਰਤੋਂ ਕਰਦਿਆਂ ਇਕ ਨਵੀਂ ਬਿਲਡਿੰਗ ਦੀ ਲੋੜ ਉੱਤੇ ਸਰਮਨ ਦਿੱਤਾ: ''ਆਓ ਅਸੀਂ ਉੱਠੀਏ ਤੇ ਬਣਾਈਏ!'' ਉਸ ਸਰਮਨ ਕਰਕੇ ਜਾਂ ਨਹੀਂ, ਪਰ ਕਲੀਸੀਆ ਨੇ ਛੇਤੀ ਹੀ ਇਕ ਨਵਾਂ ਭਵਨ ਬਣਾਉਣ ਤੇ ਕੰਮ ਸ਼ੁਰੂ ਕਰ ਦਿੱਤਾ। ਸਾਡੇ ਉੱਥੇ ਰਹਿੰਦਿਆਂ ਚਾਰ ਕੁ ਸਾਲਾਂ ਦੇ ਅੰਦਰ ਅੰਦਰ ਇਹ ਭਵਨ ਬਣਕੇ ਤਿਆਰ ਹੋ ਗਿਆ।

ਬੇਸ਼ੱਕ ਵਚਨ ਵਿਚ ਚਰਚ ਬਿਲਡਿੰਗ ਜ਼ਰੂਰੀ ਨਹੀਂ ਦੱਸੀ ਗਈ; ਪਰ ਇਸ ਦਾ ਹੋਣਾ ਮੁਨਾਸਿਬ ਹੈ। ਇਕੱਠੇ ਹੋਣ ਦੀ ਥਾਂ ਨਾਲ ਮੰਡਲੀ ਨੂੰ ਉਹ ਕੰਮ ਕਰਨ ਵਿਚ ਮਦਦ ਮਿਲ ਸਕਦੀ ਹੈ ਜਿਹੜੇ ਖ਼ੁਦਾ ਚਾਹੁੰਦਾ ਹੈ ਕਿ ਕਲੀਸੀਆ ਕਰੇ – ਜਿਵੇਂ ਉਸ ਦੀ ਬੰਦਗੀ ਕਰਨਾ, ਇਸ ਦੇ ਲੋਕਾਂ ਨੂੰ ਸਿੱਖਿਆ ਦੇਣਾ, ਭਲੇ ਕੰਮ ਕਰਨਾ ਅਤੇ ਇੰਜੀਲ ਸੁਣਾਉਣਾ।

ਇਸ ਹਵਾਲੇ ਦੀ ਸ਼ਾਇਦ ਇਸ ਨਾਲੋਂ ਵੀ ਵਧੀਆ ਵਰਤੋਂ ਮੈਂਬਰਾਂ ਨੂੰ ਰੂਹਾਨੀ ਤੌਰ ਤੇ ਕਲੀਸੀਆ ਨੂੰ ਬਣਾਉਣ ਲਈ ਦਲੇਰ ਕਰਨਾ ਹੋ ਸਕਦੀ ਹੈ ''ਆਓ, ਅਸੀਂ ਉੱਠੀਏ ਤੇ ਬਣਾਈਏ'' ਗੁਆਚੇ ਹੋਏ ਲੋਕਾਂ ਨੂੰ ਮਸੀਹ ਦੀ ਦੇਹ ਵਿਚ ਲਿਆ ਕੇ ਅਤੇ ਬਚਾਏ ਹੋਇਆ ਨੂੰ ਸਿਖਾ ਕੇ। ਯਰੂਸ਼ਲਮ ਦੀਆਂ ਕੰਧਾਂ ਨੂੰ ਬਣਾਉਣ ਲਈ ਜੋ ਕੁਝ ਨਹਮਯਾਹ ਅਤੇ ਯਹੂਦੀਆਂ ਨੇ ਕੀਤਾ, ਉਹੀ ਉਸ ਕੰਮ ਲਈ ਵੀ ਲਾਗੂ ਹੋ ਸਕਦਾ ਹੈ।

---

ਟਿੱਪਣੀਆਂ

[1]ਅਰਤਹਸ਼ਸ਼ਤਾ ਨੇ ਲਗਭਗ 465 ਤੋਂ 424 ਈ.ਪੂ. ਤਕ ਰਾਜ ਕੀਤਾ। [2]ਕੋਏ ਡੀ. ਰੋਪਰ, *ਕੂਚ,* ਟਰੁੱਥ ਫ਼ਾਰ ਟੂਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 187 ਵਿਚ ਵੇਖੋ ''ਦ ਜਿਉਇਸ਼ ਕੈਲੰਡਰ।'' [3]ਇਸ ਮੁੱਦੇ ਤੇ ਹੋਰ ਸੁਝਾਵਾਂ ਲਈ ਵੇਖੋ ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 77–78, ਐਨ. 1; *ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 572 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [4]ਹੈਰੋਦੋਤੁਸ *ਹਿਸਟ੍ਰੀਜ਼* 9.110. [5]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਜਿਸਦ 16 (ਵਾਕੋ, ਟੈਕਸਸ: ਵਰਡ ਬੁਕਸ, 1985), 178. ਵੇਖੋ ਅਸਤਰ 2:18; 5:6. [6]ਕਹਾਉਤਾਂ 16:14 ਕਹਿੰਦਾ ਹੈ, ''ਪਾਤਸ਼ਾਹ ਦਾ ਗੁੱਸਾ ਮੌਤ ਦੇ ਦੂਤਾਂ ਵਰਗਾ ਹੈ।'' [7]ਇਹ ਤੱਥ ਕਿ ਨਹਮਯਾਹ ਨੇ ਆਖਿਆ ਕਿ ਉਸ ਦੇ ਵਢੇਰਿਆਂ ਨੂੰ ਯਰੂਸ਼ਲਮ ਵਿਚ ਦਫ਼ਨਾਇਆ ਗਿਆ ਸੀ, ਸੁਝਾਅ ਦਿੰਦਾ ਹੈ ਕਿ ਯਹੂਦਾਹ ਵਿਚ ਉਸ ਦਾ ਪਰਿਵਾਰ (ਜਿਹੜਾ ਸਰਦਾ–ਪੁੱਜਦਾ ਹੋਵੇਗਾ) ਯਰੂਸ਼ਲਮ ਵਿਚ ਰਹਿੰਦਾ ਸੀ, ਪਰ ਇਹ ਇਹ ਸਾਬਿਤ ਨਹੀਂ ਕਰਦਾ ਕਿ ਉਹ ਸ਼ਾਹੀ ਪਰਿਵਾਰ ਵਿੱਚੋਂ ਸਨ। [8]1 ਮੱਕਾਬੀਆਂ 13:52 (NRSV)। [9]ਜੋਸੇਫ਼ਸ *ਐਂਟਿਕੁਇਟੀਜ਼* 18.4.3. [10]ਨਹਮਯਾਹ ਦੀ ਰਖਵਾਲੀ ਇਕ ਫ਼ੌਜੀ ਦਸਤਾ ਕਰਦਾ ਸੀ, ਜਦਕਿ ਕੋਈ ਤੇਰਾਂ ਕੁ ਸਾਲ ਪਹਿਲਾਂ, ਅਜ਼ਰਾ ਨੇ ਅਜਿਹਾ ਦਸਤਾ ਮੰਗਣ ਤੋਂ ਇਨਕਾਰ ਕਰ ਦਿੱਤਾ (ਅਜ਼ਰਾ 8:22)। ਦੋਹਾਂ ਰਵੱਈਆਂ ਦਾ ਬਚਾਅ ਕੀਤਾ ਜਾ ਸਕਦਾ ਹੈ, ਅਤੇ ਦੋਵੇਂ ਹਵਾਲਿਆਂ ਵਿਚ ਬਾਬਲ ਜਾਂ ਸ਼ੂਸ਼ਨ ਤੋਂ ਯਹੂਦਾਹ ਦੇ ਲੰਮੇ ਸਫ਼ਰ ਵਿਚਲੇ ਖ਼ਤਰੇ ਦੀ ਝਲਕ ਮਿਲਦੀ ਹੈ।

[11]ਕੀਥ ਐਨ. ਸ਼ੋਵਿਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 149. [12]*ਐਨਸਿਅੰਟ ਨੀਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦ ਓਲਡ*

*ਟੈਸਟਾਮੈਂਟ*, ਜਿਲਦ 3ਜੀ, ਸੰਪਾ. ਜੇਮਸ ਬੀ. ਪ੍ਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 492 ਵਿਚ ਐੱਚ. ਐੱਲ. ਗਿੰਸਬਰਗ, ਟ੍ਰਾਂਸਲੇਸ਼ਨ, ''ਪਿਟੀਸ਼ਨ ਫ਼ਾਰ ਆਥੋਰਾਈਜ਼ੇਸ਼ਨ ਟੂ ਰੀਬਿਲਡ ਦ ਟੈਂਪਲ ਆਫ਼ ਯਾਹੋ।'' 407 ਈ.ਪੂ. ਦੇ ਨੇੜੇ ਤੇੜੇ ਦਾ ਇਹ ਖ਼ਤ, ਐਲਿਫ਼ੈਂਟਾਈਨ ਟਾਪੂ (ਮਿਸਰ ਅਤੇ ਲੂਬੀਆ ਦੇ ਵਿਚਕਾਰ) ਤੇ ਯਹੂਦੀ ਬਸਤੀ ਤੋਂ ਯਹੂਦਾਹ ਦੇ ਹਾਕਮ ਨੂੰ ਉਨ੍ਹਾਂ ਦੀ ਹੈਕਲ ਨੂੰ ਬਣਾਉਣ ਦੀ ਇਜਾਜ਼ਤ ਦੇਣ ਦੀ ਬੇਨਤੀ ਕਰਦਿਆਂ ਲਿਖਿਆ ਗਿਆ। [13]ਦੋ ਥਾਂਵਾਂ ਜਿਹੜੀਆਂ ਇਕ ਦੂਜੇ ਦੇ ਨੇੜੇ ਸਨ, ਨੂੰ ਇਸ ਨਾਂਅ ਨਾਲ ਜਾਣਿਆ ਜਾਂਦਾ ਸੀ: ''ਉੱਪਰਲਾ ਬੈਤ–ਹੋਰੋਨ'' ਅਤੇ ''ਹੇਠਲਾ–ਬੈਤ ਹੋਰੋਨ'' (ਯਹੋਸ਼ੁਆ 16:3, 5)। [14]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ*, ਦ ਐਂਕਰ ਬਾਈਬਲ, ਜਿਲਦ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 101. ਸਨਬੱਲਟ ਦੇ ਪੁੱਤਰਾਂ ਦੇ ਨਾਂਅ ''ਦਲਾਇਆ'' ਅਤੇ ''ਸ਼ੇਲੇਮਾਇਆ'' ਸਨ (ਗਿੰਸਬਰਗ, 492)। [15]ਟੋਬੀਯਾਹ ਦੇ ਪੁੱਤਰ ਯੋਹਾਨਾਨ ਦਾ ਇਕ ਯਹੂਦੀ ਨਾਂਅ ਵੀ ਸੀ। ਨਾਲੇ ਟੋਬੀਯਾਹ ਦੇ ਪਰਿਵਾਰ ਨੇ ਯਰੂਸ਼ਲਮ ਵਿਚ ਯਹੂਦੀ ਸ੍ਰੇਸ਼ਠ ਵਰਗ ਨਾਲ ਅੰਤਰ ਵਿਆਹ ਕੀਤੇ ਸਨ (6:17, 18; 13:4, 5)। [16]ਮਾਇਰਸ, 101. ਵਧੇਰੇ ਇਤਹਾਸਕ ਅਤੇ ਪੁਰਾਤੱਤਵੀ ਜਾਣਕਾਰੀ ਲਈ ਵੇਖੋ, *ਦ ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਇਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 6:584–85 ਵਿਚ ਤਾਮਾਰਾ ਸੀ. ਏਸਕਾਨਾਜ਼ੀ, ''ਟੋਬਿਯਾਹ।'' [17]*ਦ ਐਂਕਰ ਬਾਈਬਲ ਡਿਕਸ਼ਨਰੀ*, 2:995 ਵਿਚ ਨੋਰਾ ਏ. ਵਿਲੀਅਮਜ਼, ''ਗੇਸ਼ੇਮ।'' ਹੇਠਲੇ (ਉੱਤਰੀ) ਮਿਸਰ ਵਿਚ ਗੇਸ਼ੇਮ ਦਾ ਪ੍ਰਭਾਵ ਸਪਤਤੀ (LXX) ਤੋਂ ਵਿਖਾਇਆ ਗਿਆ ਹੈ। ਉਤਪਤ 45:10 ਵਿਚਲੇ ''ਗੋਸ਼ਨ ਦੀ ਧਰਤੀ'' ਦੀ ਥਾਂ ਇਸ ਵਿਚ ''ਅਰਬ ਦੇ ਗੇਸ਼ਮ ਦੀ ਧਰਤੀ'' ਹੈ। [18]ਐੱਫ਼. ਚਾਰਲਸ ਫ਼ੈਂਨਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ, 1982), 165. [19]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 2:1018, 1020 ਵਿਚ ਵਿਲੀਅਮ ਸਨਫੋਰਡ ਲੇਸਰ, ''ਜੇਰੁਸਲੇਮ'' ਵੱਲੋਂ ਮੁਹੱਈਆ ਕਰਵਾਈਆਂ ਗਈਆਂ ਹਨ। [20]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਲਿਏਂਡਰ ਈ. ਕੇਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999), 3:759–60 ਵਿਚ ਰਾਲਫ਼ ਡਬਲਯੂ. ਕਲੇਨ, ''ਦ ਬੁਕ ਆਫ਼ ਅਜ਼ਰਾ ਐਂਡ ਨਹਮਯਾਹ'' ਵਿਚ ਵੇਖੋ ਸ਼ਹਿਰ ਦੀ ਚਰਚਾ ਅਤੇ ਮੁੜ–ਉਸਾਰੀ।

[21]ਐਡਵਿਨ ਐੱਮ. ਯਾਮੋਚੀ, ''ਅਜ਼ਰਾ ਐਂਡ ਨਹਮਯਾਹ'' *ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਉਂਡਸ ਕਮੈਂਟਰੀ*, ਜਿਲਦ 3, *1 ਐਂਡ 2 ਰਾਜਿਆਂ*, *1 ਐਂਡ 2 ਇਤਹਾਸ*, *ਅਜ਼ਰਾ*, *ਨਹਮਯਾਹ*, *ਅਸਤਰ*, ਸੰਪਾ. ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2009), 427. [22]ਕਲੇਨ, 761. [23]ਮਾਰਕ ਏ. ਥ੍ਰੌਂਟਵੇਟ, *ਅਜ਼ਰਾ–ਨਹਮਯਾਹ*, ਇੰਟਪ੍ਰਿਟੇਸ਼ਨ (ਲੁਈਸਵਿੱਲ: ਜੌਨ ਨੌਕਸ ਪ੍ਰੈੱਸ, 1992), 70. [24]*ਹਾਰਪਰਸ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ (ਸੈਨ ਫ਼੍ਰਾਂਸਿਸਕ: ਹਾਰਪਰ ਐਂਡ ਰੋਅ, 1988), 378 ਵਿਚ ਰਾਲਫ਼ ਡਬਲਯੂ. ਕਲੇਨ, ''ਨਹਮਯਾਹ।'' [25]ਅਫ਼ਸੋਸ ਦੀ ਗੱਲ ਹੈ ਕਿ ਕੁਝ ਲੀਡਰਾਂ ਨੂੰ ਸਿਰਫ਼ ਇੱਕੋ ਗੱਲ ਦਾ ਜਨੂਨ ਹੁੰਦਾ ਹੈ: ਆਪਣਾ ਆਪ, ਆਪਣੀ ਅਹਿਮੀਅਤ, ਪ੍ਰਸਿੱਧੀ ਅਤੇ ਤਾਕਤ। ਭਾਂਵੇਂ ਉਨ੍ਹਾਂ ਨੂੰ ਜਨੂੰਨੀ ਲੋਕ ਮੰਨਿਆ ਜਾ ਸਕਦਾ ਹੈ, ਅਤੇ ਉਨ੍ਹਾਂ ਦਾ ਜਨੂੰਨ ਉਨ੍ਹਾਂ ਨੂੰ ਕੁਝ ਹੱਦ ਤਕ ਕਾਮਯਾਬੀ ਦੀ ਦੁਆ ਕਰ ਸਕਦਾ ਹੈ, ਪਰ ਉਨ੍ਹਾਂ ਨਾਲ ਦੂਜਿਆਂ ਤੋਂ ਆਪਣੀ ਮਰਜ਼ੀ ਨਾਲ ਜਾਂ ਲਗਾਤਾਰ ਆਪਣੀ ਸੇਵਾ ਨਹੀਂ ਕਰਵਾਈ ਜਾ ਸਕਦੀ। ਅਜਿਹੇ ਲੀਡਰ ਦੀ ਖ਼ੁਦਗਰਜ਼ੀ ਨੂੰ ਲੋਕ ਅਖ਼ੀਰ ਵਿਚ (ਅੱਜ ਨਹੀਂ ਤਾਂ ਕੱਲ) ਸਮਝ ਹੀ ਜਾਂਦੇ ਹਨ।